Digitized by Arya Samaj Foundation Chennai and eGangotri

ਵੀ. ਐਮ. ਮੋਲੋਤੋਵ

ਕੌਮਾਂਤਰੀ ਅਵਸਥਾ

★

ਨੁਮਾਇੰਦਾ ਤਾਸ ਮੁਕੀਮ ਹਿੰਦ

ਨਵੀਂ ਦਿੱਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ओ३म्

पुस्तक संख्या .....

पञ्जिका संख्या .....

पुस्तक पर सर्व प्रकार की निशानियां लगाना वर्जित है। कोई सज्जन पन्द्रह दिन से अधिक देर तक पुस्तक अपने पास नहीं रख सकते। अधिक देर तक रखने के लिये पुनः आज्ञा प्राप्त करनी चाहिये।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੌਮਾਂਤਰੀ ਅਵਸਥਾ
ਤੇ
ਸੋਵੀਅਤ ਸਰਕਾਰ ਦੀ ਬਦੇਸ਼ੀ ਨੀਤੀ

{ਸੋਵੀਅਤ ਯੂਨੀਅਨ ਦੀ ਮੰਤਰੀ-ਕੌਂਸਲ ਦੇ ਪਹਿਲੇ ਮੀਤ-ਪਰਧਾਨ
ਤੇ ਬਦੇਸ਼ੀ ਮਾਮਲਿਆਂ ਦੇ ਮੰਤਰੀ ਵੀ. ਐਮ. ਮੋਲੋਤੋਵ ਦੀ ਰੀਪੋਰਟ}

ਪ੍ਰਕਾਸ਼ਕ:-

ਨੁਮਾਇੰਦਾ ਤਾਸ—ਮੁਕੀਮ ਹਿੰਦ

ਨਵੀਂ ਦਿੱਲੀ : ੧੯੫੫

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਰੀਪੋਰਟ ੮ ਫ਼ਰਵਰੀ, ੧੯੫੫ ਨੂੰ ਸੁਪਰੀਮ ਸੋਵੀਅਟ ਵਿਚ ਪੇਸ਼ ਕੀਤੀ ਗਈ

ਕੀਮਤ : ੨ ਆਨੇ

ਜੂਨ–੧੯੫੫

ਅਵਾਮੀ ਪ੍ਰਿੰਟਿੰਗ ਪ੍ਰੈਸ, ਜੀ. ਟੀ. ਰੋਡ, ਜਲੰਧਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਚੀ

੧. ਕੌਮਾਂਤਰੀ ਅਵਸਥਾ ਵਿਚ ਤਬਦੀਲੀਆਂ ... ੧

੨. ਕੌਮਾਂਤਰੀ ਨੀਤੀ ਦੀਆ ਦੋ ਲਾਇਨਾਂ ... ੧੭

੩. ਅਮਨ ਤੇ ਸਾਂਝੀ ਸੁਰੱਖਿਆ ਲਈ—
ਸੋਵੀਅਤ ਯੂਨੀਅਨ ਦੇ ਜਤਨ ... ੩੩

੪. ਅਮਰੀਕਾ ਦੀ ਹਮਲਾ-ਕਰੂ ਨੀਤੀ—
ਅਮਨ ਲਈ ਖਤਰਾ ਹੈ ... ੫੩

੫. ਸਾਡਾ ਮੁਖ ਕੰਮ ਅਮਨ ਨੂੰ ਅਗੇ ਵਧਾਣਾ ਹੈ ... ੬੬

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ. ਐਮ. ਮੋਲੋਤੋਵ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧. ਕੌਮਾਂਤਰੀ ਅਵਸਥਾ ਵਿਚ ਤਬਦੀਲੀਆਂ

ਮੈਂਬਰ ਸਾਥੀਓ,

ਦੂਜੀ ਸੰਸਾਰ ਜੰਗ ਨੂੰ ਮੁਕਿਆਂ ਹੁਣ ਦਸ ਵਰ੍ਹੇ ਹੋ ਚਲੇ ਹਨ। ਅਜ ਸੰਸਾਰ ਦੀ ਹਾਲਤ ਵਿਚ ਜੋ ਤਬਦੀਲੀਆਂ ਵਾਪਰ ਚੁਕੀਆਂ ਹਨ, ਜੇ ਉਹਦਾ ਟਾਕਰਾ ਜੰਗ ਤੋਂ ਪਹਿਲਾਂ ਦੀ ਹਾਲਤ ਨਾਲ ਕੀਤਾ ਜਾਏ, ਤਾਂ ਉਹ ਸਦਾ ਤੋਂ ਵਧੇਰੀਆਂ ਸਾਫ ਤੇ ਸਪਸ਼ਟ ਹਨ।

ਦੂਜੀ ਸੰਸਾਰ ਜੰਗ ਤੋਂ ਪਹਿਲਾਂ ਸੋਵੀਅਤ ਯੂਨੀਅਨ ਹੀ ਇਕੋ ਇਕ ਸੋਸ਼ਲਿਸਟ ਰਾਜ ਸੀ, ਇਹ ਸਰਮਾਏਦਾਰਾ ਘੇਰੇ ਵਿਚ ਕੱਲਮ ਕੱਲਾ ਖਲੋਤਾ ਸੀ। ਇਕ ਚੌਥਾਈ ਸਦੀ ਤੋਂ ਵਧੇਰੇ ਸਮੇਂ ਲਈ ਅਜਿਹੀ ਹਾਲਤ ਹੀ ਚਲਦੀ ਰਹੀ।

ਕਿਹਾ ਜਾ ਸਕਦਾ ਹੈ ਕਿ ਜੰਗ ਪਿਛੋਂ ਹਾਲਤ ਵਿਚ ਬੁਨਿਆਦੀ ਤਬਦੀਲੀ ਹੋ ਗਈ।

ਹੁਣ ਸੋਵੀਅਤ ਯੂਨੀਅਨ ਦੁਆਲੇ ਸਰਮਾਏਦਾਰਾ ਘੇਰੇ ਦੀ ਗਲ ਓਸੇ ਤਰ੍ਹਾਂ ਹੀ ਨਹੀਂ ਕੀਤੀ ਜਾ ਸਕਦੀ, ਜਿਵੇਂ ਜੰਗ ਪਹਿਲੋਂ ਕੀਤੀ ਜਾ ਸਕਦੀ ਸੀ। ਇਹ ਉਨ੍ਹਾਂ ਬਹੁਤ ਮਹੱਤਵ ਪੂਰਨ ਤਬਦੀਲੀਆਂ ਨੂੰ ਵੇਖਣ ਵਿਚ ਅਸਫਲ ਰਹਿਣਾ ਜਾਂ ਘਟੋ ਘਟ ਉਹਨਾਂ ਦੀ ਮਹੱਤਤਾ ਨੂੰ ਘਟਾ ਕੇ ਵੇਖਣਾ ਹੋਵੇਗਾ,ਜਿਹੜੀਆਂ ਸਾਰੀ ਕੌਮਾਂਤ੍ਰੀ ਹਾਲਤ ਵਿਚ ਵਾਪਰ ਚੁਕੀਆਂ ਹਨ। ਇਹਦੇ ਇਲਾਵਾ, ਇਹ ਤਬਦੀਲੀਆਂ ਸਿਰਫ਼ ਮਿਕਦਾਰੀ ਹੀ ਨਹੀਂ ਸਗੋਂ ਖਾਸੀਅਤੀ ਲੱਛਣ ਵਾਲੀਆਂ ਵੀ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲੀ ਸੰਸਾਰ ਜੰਗ ਦਾ ਅਤਿ ਅਹਿਮ ਸਿੱਟਾ ਜਿਵੇਂ ਕਿ ਅਸੀਂ ਜਾਣਦੇ ਹਾਂ, ਰੂਸ ਦਾ ਇਨਕਲਾਬ ਰਾਹੀਂ ਇਕ ਸੋਵੀਅਤ ਸੋਸ਼ਲਿਸਟ ਰਾਜ ਵਿਚ ਪਲਟ ਜਾਣਾ ਸੀ। ਪਹਿਲੀ ਤੇ ਦੂਜੀ ਸੰਸਾਰ ਜੰਗ ਦੇ ਵਿਚਕਾਰਲੇ ਸਮੇਂ ਵਿਚ ਸਾਡੇ ਦੇਸ ਨੇ ਆਪਣੀ ਸੋਸ਼ਲਿਸਟ ਆਰ-ਥਕਤਾ ਤੇ ਸੋਸ਼ਲਿਸਟ ਸਭਿਆਚਾਰ ਦੇ ਵਿਕਾਸ ਵਿਚ ਜ਼ਬਰਦਸਤ ਜਿੱਤਾਂ ਪਰਾਪਤ ਕੀਤੀਆਂ। ਦੂਜੀ ਸੰਸਾਰ ਜੰਗ ਦੇ ਸਮੇਂ ਤੋਂ ਪਹਿਲੇ ਹੀ ਸੋਸ਼ਲਿਜ਼ਮ ਸਾਡੇ ਦੇਸ ਵਿਚ ਫਤਹ ਪਾ ਚੁਕਿਆ ਸੀ, ਪਰ ਉਹ ਸਮਾਂ ਸਿਰਫ ਜੰਗ ਦੇ ਪਿਛੋਂ ਹੀ ਆਇਆ ਜਦ ਸੋਵੀਅਤ ਯੂਨੀਅਨ ਆਪਣੀ ਕੌਮਾਂਤਰੀ ਇਕੱਲਤਾ ਦੀ ਹਾਲਤ ਵਿਚੋਂ ਨਿਕਲ ਆਇਆ।

ਦੂਜੀ ਸੰਸਾਰ ਜੰਗ ਦਾ ਅੱਤ ਅਹਿਮ ਸਿੱਟਾ ਸਰਮਾਏਦਾਰ ਸੰਸਾਰ ਕੈਂਪ ਦੇ ਨਾਲ ਨਾਲ ਸੋਸ਼ਲਿਜ਼ਮ ਤੇ ਜਮਹੂਰੀਅਤ ਦੇ ਸੰਸਾਰ ਕੈਂਪ ਦੀ ਸਥਾਪਤੀ ਸੀ। ਜਿਸ ਦੀ ਅਗਵਾਈ ਸੋਵੀਅਤ ਯੂਨੀਅਨ ਕਰ ਰਿਹਾ ਹੈ, ਜਾਂ ਇਹ ਕਹਿਣਾ ਵਧੇਰੇ ਸਚ ਹੋਏਗਾ ਕਿ ਸੋਵੀਅਤ ਯੂਨੀਅਨ ਤੇ ਚੀਨੀ ਲੋਕ ਰੀਪਬਲਿਕ ਕਰ ਰਹੇ ਹਨ।

(ਉੱਚੀਆਂ ਤੇ ਲੰਮੀਆਂ ਤਾੜੀਆਂ)

ਨਵੇਂ ਕੈਂਪ ਦੀ ਸਥਾਪਤੀ ਫਾਸਿਜ਼ਮ ਦੀ ਹਾਰ, ਸਰਮਾਏਦਾਰੀ ਦੇ ਸੰਸਾਰ ਮੋਰਚਿਆਂ ਦੀ ਕਮਜ਼ੋਰੀ ਤੇ ਜਮਹੂਰੀ ਲਹਿਰ ਦੇ ਹੁਣ ਤਕ ਦੇ ਬੇਨਜ਼ੀਰ ਉਭਾਰ ਨੇ ਸੰਭਵ ਬਣਾਈ। ਅਸੀਂ ਜਾਣਦੇ ਹਾਂ ਕਿ ਇਹਨਾਂ ਕੌਮਾਂਤਰੀ ਘਟਨਾਵਾਂ ਵਿਚ ਸਾਡੇ ਦੇਸ, ਸੋਵੀਅਤ ਲੋਕਾਂ ਤੇ ਉਹਨਾਂ ਦੀ ਸੂਰਬੀਰ ਫੌਜ ਨੇ ਫ਼ੈਸਲਾਕੁਨ ਰੋਲ ਅਦਾ ਕੀਤਾ। (ਤਾੜੀਆਂ)

ਅਜ, ਜਿਸ ਕੌਮਾਂਤ੍ਰੀ ਹਾਲਤ ਵਿਚ ਸੋਵੀਅਤ ਯੂਨੀਅਨ ਆਪਣੇ ਆਪ ਨੂੰ ਵੇਖਦਾ ਹੈ, ਉਹ ਉਹ ਨਹੀਂ, ਜੋ ਜੰਗ ਤੋਂ ਪਹਿਲਾਂ ਹੁੰਦੀ ਸੀ। ਸੋਵੀਅਤ ਯੂਨੀਅਨ ਹੁਣ ਸੰਸਾਰ ਦਾ ਇਕੋ ਇਕ ਸੋਸ਼ਲਿਸਟ ਰਾਜ ਨਹੀਂ ਰਿਹਾ। ਸੋਵੀਅਤ ਯੂਨੀਅਨ ਦੀ ਕੌਮਾਂਤਰੀ

CC-0. In Public Domain. Gurukul Kangri Collection, Haridwar

ਇਕੱਲਤਾ ਬੀਤੇ ਦੀ ਗਲ ਬਣ ਗਈ ਹੈ।
Digitized by Arya Samaj Foundation Chennai and eGangotri

ਸਰਮਾਏਦਾਰ ਕੈਂਪ ਦੇ ਨਾਲ ਨਾਲ ਸੋਸ਼ਲਿਜ਼ਮ ਤੇ ਜਮਹੂਰੀਅਤ ਦਾ ਕੈਂਪ ਉਠ ਖਲੋਤਾ ਹੈ, ਜਿਸ ਵਿਚ ਹੇਠ ਲਿਖੇ ਰਾਜ ਰਲੇ ਹੋਏ ਹਨ: ਸੋਵੀਅਤ ਸੋਸ਼ਲਿਸਟ ਰੀਪਬਲਿਕਾਂ ਦੀ ਯੂਨੀਅਨ, ਚੀਨੀ ਲੋਕ ਰੀਪਬਲਿਕ, ਪੋਲਿਸ਼ ਲੋਕ ਰੀਪਬਲਿਕ, ਚੈਕੋਸਲੋਵਾਕ ਰੀਪਬਲਿਕ, ਜਰਮਨ ਜਮਹੂਰੀ ਰੀਪਬਲਿਕ, ਹੰਗੇਰੀਅਨ ਲੋਕ ਰੀਪਬਲਿਕ, ਰੁਮਾਨੀਅਨ ਲੋਕ ਰੀਪਬਲਿਕ, ਬਲਗਾਰੀਆ ਦੀ ਲੋਕ ਰੀਪਬਲਿਕ, ਅਲਬਾਨੀਆ ਦੀ ਲੋਕ ਰੀਪਬਲਿਕ, ਕੋਰੀਅਨ ਲੋਕ ਜਮਹੂਰੀ ਰੀਪਬਲਿਕ, ਮੰਗੋਲੀਅਨ ਲੋਕ ਰੀਪਬਲਿਕ ਤੇ ਵੀਅਤ-ਨਾਮ ਦੀ ਜਮਹੂਰੀ ਰੀਪਬਲਿਕ।

ਅਸੀਂ ਜਾਣਦੇ ਹਾਂ ਜਿਹੜੇ ਦੇਸ ਮੈਂ ਗਿਣਵਾਏ ਹਨ, ਸਾਰੇ ਵਿਕਾਸ ਦੀ ਇਕੋ ਪੱਧਰ ਤੇ ਨਹੀਂ, ਸਮਾਜਕ ਮੁੜ-ਉਸਾਰੀ ਦੀ ਇਕੋ ਪੱਧਰ ਤੇ ਨਹੀਂ। ਸੋਵੀਅਤ ਯੂਨੀਅਨ, ਜਿਸ ਵਿਚ ਸੋਸ਼ਲਿਸ਼ਟ ਸਮਾਜ ਦੀਆਂ ਬੁਨਿਆਦਾਂ ਉਸਾਰੀਆਂ ਜਾ ਚੁਕੀਆਂ ਹਨ, ਦੇ ਨਾਲ ਨਾਲ ਲੋਕ ਜਮਹੂਰੀ ਦੇਸ ਹਨ, ਜਿਨ੍ਹਾਂ ਅਜੇ ਤਕ ਸੋਸ਼ਲਿਜ਼ਮ ਵਲ ਸਿਰਫ ਪਹਿਲੇ ਕਦਮ ਹੀ ਚੁਕੇ ਹਨ, ਭਾਵੇਂ ਉਹ ਕਦਮ ਹੈਨ ਬਹੁਤ ਅਹਿਮ।

ਪਰ ਜਮਹੂਰੀ ਕੈਂਪ ਦੇ ਸਾਰੇ ਦੇਸਾਂ ਦੀ ਹਾਲਤ ਵਿਚ ਫੈਸਲਾਕੁਨ ਗਲ ਇਹ ਹੈ ਕਿ ਉਹਨਾਂ ਨੇ ਆਪਣੇ ਆਪ ਨੂੰ ਸਾਮਰਾਜੀ ਨਜ਼ਾਮ ਨਾਲੋਂ ਪੱਕੀ ਤਰ੍ਹਾਂ ਤੋੜ ਲਿਆ ਹੈ, ਜਿਸ ਵਿਚ ਤਾਕਤ ਜਗੀਰਦਾਰਾਂ ਤੇ ਸਰਮਾਏਦਾਰਾਂ ਦੇ ਹਥ ਹੈ। ਉਹਨਾਂ ਇਕ ਨਵਾਂ ਰਾਹ ਚੁਣ ਲਿਆ ਹੈ। ਜਮਹੂਰੀ ਤੇ ਸੋਸ਼ਲਿਸਟ ਮੁੜ-ਉਸਾਰੀ ਦੀਆਂ ਭਰਪੂਰ ਕਾਰਵਾਈਆਂ ਨੂੰ ਸਫਲਤਾ ਨਾਲ ਸਿਰੇ ਚਾੜ੍ਹਨਾ ਸ਼ੁਰੂ ਕਰ ਦਿਤਾ ਹੈ। ਉਹ ਅਮਨ ਤੇ ਸੁਰਖਿਆ ਦੇ ਚਾਹਵਾਨ ਹਨ, ਜਿਸ ਵਿਚ ਉਹ ਇਹ ਨਵਾਂ ਤੇ ਮਹਾਨ ਉਸਾਹੂ ਕੰਮ ਨੇਪਰੇ ਚਾੜ੍ਹ ਸਕਣ।

ਇਹ ਸੰਭਵ ਬਣ ਗਿਆ ਹੈ ਕਿਉਂਕਿ ਇਹਨਾਂ ਦੇਸਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਜ਼ਦੂਰਾਂ ਤੇ ਕਿਸਾਨਾਂ ਨੇ, ਸਾਰੇ ਮਿਹਨਤਕਸ਼ ਲੋਕਾਂ ਦੇ ਜਮਹੂਰੀ ਤਾਕਤਾਂ ਨਾਲ ਰਲ ਕੇ, ਮਜ਼ਦੂਰ ਜਮਾਤ ਦੀ ਆਮ ਅਗਵਾਈ ਹੇਠ ਇਕ ਬਲਵਾਨ ਰਾਜਸੀ ਮੋਰਚਾ ਉਸਾਰ ਲਿਆ ਹੈ। ਇਹ ਮਜ਼ਦੂਰਾਂ ਤੇ ਕਿਸਾਨਾਂ ਦਾ ਇਨਕਲਾਬੀ ਮੋਰਚਾ ਹੈ, ਜਿਸ ਵਿਚ ਸਾਰੇ ਮਿਹਨਤਕਸ਼ ਲੋਕ ਰਲੇ ਹੋਏ ਹਨ, ਜਿਸਨੇ ਜਾਗੀਰਦਾਰੀ ਨੂੰ ਖਤਮ ਕਰਨਾ ਤੇ ਜ਼ਮੀਨ ਕਿਸਾਨਾਂ ਨੂੰ ਦੇਣੀ ਤੇ ਇਹਦੇ ਨਾਲ ਨਾਲ ਹੀ ਮਿੱਲਾਂ, ਕਾਰਖਾਨੇ, ਰੇਲਾਂ ਤੇ ਬੈਂਕ ਇਕ ਨਵੀਂ ਤੇ ਸੱਚੇ ਤੌਰ ਤੇ ਜਮਹੂਰੀ ਹਕੂਮਤੀ ਤਾਕਤ ਦੇ ਹਥਾਂ ਵਿਚ ਦੇਣੇ ਸੰਭਵ ਬਣਾਇਆ ਹੈ।

ਸਰਮਾਏਦਾਰੀ ਦੀਆਂ ਜ਼ੰਜੀਰਾਂ ਹੁਣ ਇਕ ਥਾਂ ਨਹੀਂ ਸਗੋਂ ਇਕ ਵਿਸ਼ਾਲ ਮੋਰਚੇ ਤੇ ਟੁਟ ਗਈਆਂ ਹਨ। ਸੋਸ਼ਲਿਸਟ ਇਨਕਲਾਬ ਸਾਡੇ ਦੇਸ ਅੰਦਰ ਸੰਨ ੧੯੧੭ ਵਿਚ ਫਤਹਿਯਾਬ ਹੋਇਆ ਸੀ; ਤ ਹੁਣ ਦੂਜੀ ਸੰਸਾਰ ਜੰਗ ਦੇ ਨਤੀਜੇ ਵਜੋਂ, ਸਰਮਾਏਦਾਰੀ ਨੂੰ ਕੁਝ ਹੋਰ ਦੇਸਾਂ ਵਿਚ ਵੀ ਹਾਰ ਦਾ ਮੂੰਹ ਵੇਖਣਾ ਪਿਆ ਹੈ।

ਨਵੇਂ ਲੋਕ ਜਮਹੂਰੀ ਕਿਸਮ ਦੇ ਦੇਸਾਂ ਵਿਚ ਸਰਮਾਏਦਾਰਾ ਅਤਿਆਚਾਰਾਂ ਤੋਂ ਆਜ਼ਾਦ ਹੋਏ ਲੋਕਾਂ ਦੇ ਜਤਨਾਂ ਸਦਕਾ ਹੋਈਆਂ ਕਾਮਯਾਬੀਆਂ ਦਾ ਆਧਾਰ ਫਾਸਿਸਟ ਹਮਲਾਵਰਾਂ ਉਤੇ ਸੋਵੀਅਤ ਫ਼ੌਜ ਦੀ ਫਤਹ ਤੇ ਨਾਲ ਹੀ ਉਹਨਾਂ ਰਾਜਸੀ, ਆਰਥਕ ਤੇ ਸਮਾਜਕ ਤਬਦੀਲੀਆਂ ਵਿਚ ਸੋਵੀਅਤ ਯੂਨੀਅਨ ਤੋਂ ਇਹਨਾਂ ਦੇਸਾਂ ਨੂੰ ਮਿਲ ਰਹੀ ਕਦੀ ਨਾ ਮੁਕਣ ਵਾਲੀ ਹਮਾਇਤ ਉਤੇ ਹੈ, ਜਿਹੜੀਆਂ ਉਹ ਸੋਸ਼ਲਿਜ਼ਮ ਵਲ ਵਧਣ ਦੇ ਦੌਰਾਨ ਲਿਆ ਰਹੇ ਹਨ। ਇਹਦੇ ਇਲਾਵਾ, ਅਜ ਜਦੋਂ ਸੋਵੀਅਤ ਯੂਨੀਅਨ–ਜਿਦ੍ਹੀ ਤਾਕਤ ਦਾ ਆਧਾਰ ਇਹਦੀਆਂ ਭਾਰੀ ਸਨਅਤਾਂ ਦੀ ਉੱਚੀ ਪੱਧਰ ਤੇ ਨਾਲੋ ਨਾਲ ਹੀ ਇਹਦੀਆਂ ਸਾਰੀਆਂ ਸਨਅਤਾਂ ਤੇ ਸੋਸ਼ਲਿਸਟ ਖੇਤੀ ਬਾੜੀ ਦੀ ਲਗਾਤਾਰ ਤਰੱਕੀ ਉਤੇ ਹੈ–ਦਾ ਰੋਲ ਖਾਸ ਤੌਰ ਤੇ ਬਹੁ-ਮੁੱਲਾ ਤੇ ਅਹਿਮ ਹੈ, ਸੋਸ਼ਲਿਸਟ ਕੈਂਪ ਦੇ ਦੇਸ ਉਸ ਸਹਾਇਤਾ ਉਤੇ ਵੀ ਨਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਧਦਾ ਭਰੋਸਾ ਰਖਦੇ ਹਨ, ਜੋ ਉਹ ਇਕ ਦੂਜੇ ਨੂੰ ਦੇ ਰਹੇ ਹਨ।

ਸੰਸਾਰ ਅਵਸਥਾ ਵਿਚ ਵਾਪਰੀਆਂ ਤਬਦੀਲੀਆਂ ਦੇ ਸਿਲਸਿਲੇ ਵਿਚ ਇਹ ਗਲ ਬਿਲਕੁਲ ਸੁਭਾਵਿਕ ਹੈ–ਤੇ ਪਿਛਲੇ ਦਸਾਂ ਵਰ੍ਹਿਆਂ ਬਾਰੇ ਇਹ ਖਾਸ ਤੌਰ ਤੇ ਸੱਚ ਹੈ–ਕਿ ਦੋ ਸਮਾਜਕ ਨਜ਼ਾਮਾਂ ਦੀ ਮੁਕਾਬਲਤਨ ਤਾਕਤ ਅਜ ਪੱਕੇ ਤੌਰ ਤੇ ਸੋਸ਼ਲਿਜ਼ਮ ਦੇ ਹੱਕ ਵਿਚ ਹੋ ਗਈ ਹੈ ।

ਕੀ ਇਹ ਕਿਹਾ ਜਾ ਸਕਦਾ ਹੈ ਕਿ ਅਜ ਦਾ ਯੋਰਪ ਜੰਗੋਂ ਪਹਿਲੇ ਸਮਿਆਂ ਦੇ ਯੋਰਪ ਨਾਲ ਮਿਲਦਾ ਜੁਲਦਾ ਹੈ ?

ਕੀ ਕੋਈ ਉਹਨਾਂ ਮਹਾਨ ਤਬਦੀਲੀਆਂ ਤੋਂ ਅੱਖਾਂ ਮੀਟ ਸਕਦਾ ਹੈ, ਜਿਹੜੀਆਂ ਏਥੇ ਦੂਜੀ ਸੰਸਾਰ ਜੰਗ ਦੇ ਨਤੀਜੇ ਵਜੋਂ ਵਾਪਰ ਚੁਕੀਆਂ ਹਨ ? ਤੇ ਕੀ ਇਹ ਉਹਨਾਂ ਸਾਰਿਆਂ ਲਈ ਸਾਫ਼ ਨਹੀਂ ਜਿਹੜੇ ਠੋਸ, ਹਕੀਕੀ ਤੇ ਨਿਰਪਖ ਨਿਰਨਾ ਕਰ ਸਕਦੇ ਹਨ ਕਿ ਸੋਵੀਅਤ ਯੂਨੀਅਨ ਤੋਂ ਇਲਾਵਾ ਕੁਝ ਹੋਰ ਦੇਸਾਂ ਨੇ ਵੀ ਸਰਮਾਏਦਾਰੀ ਰਾਹ ਨੂੰ ਦਰਿੜ੍ਹਤਾ ਨਾਲ ਤਿਆਗ ਕੇ ਸੋਸ਼ਲਿਸਟ ਤਰੱਕੀ ਤੇ ਪੁਨਰ ਜਨਮ ਦਾ ਰਾਹ ਫੜ ਲਿਆ ਹੈ ਤੇ ਇਹਨਾਂ ਵਿਚੋਂ ਇਕ ਦੇਸ ਵੀ ਪਿਛਲੇ ਪੈਰੀਂ ਮੁੜਨ ਤੇ ਸਰਮਾਏਦਾਰੀ ਵਲ ਪਰਤ ਜਾਣ ਨੂੰ ਤਿਆਰ ਨਹੀਂ ? ਤੇ ਜੇ ਅਸੀਂ ਠੋਸ ਹਕੀਕਤਾਂ ਨੂੰ ਪੜਚੋਲੀਏ ਤਾਂ ਅਸੀਂ ਵੇਖਦੇ ਹਾਂ ਕਿ ਯੋਰਪ ਦੀ ਸਾਰੀ ਵਸੋਂ ਦੇ ਅੱਟਾ ਸੱਟਾ ੬੦ ਕਰੋੜ ਲੋਕਾਂ ਵਿਚੋਂ, ਲਗ ਭਗ ਅਧੇ, ੩੦ ਕਰੋੜਾਂ ਤੋਂ ਕੁਝ ਘਟ ਲੋਕ, ਸੋਸ਼ਲਿਜ਼ਮ ਤੇ ਜਮਹੂਰੀਅਤ ਦੇ ਕੈਂਪ ਵਿਚ ਪੱਕੀ ਤਰ੍ਹਾਂ ਰਲ ਚੁਕੇ ਹਨ ।

ਇਸ ਲਈ ਹੁਣ ਜੋ ਯੋਰਪ ਸਾਡੇ ਸਾਹਮਣੇ ਹੈ, ਜੰਗੋਂ ਪਹਿਲਾਂ ਦੇ ਯੋਰਪ ਨਾਲੋਂ ਬਹੁਤ ਵਖਰਾ ਹੈ ।

ਅਜ ਦੇ ਨਵੇਂ ਯੋਰਪ ਵਿਚ ਸੋਸ਼ਲਿਸਟ ਕੈਂਪ ਦੇ ਦੇਸ਼ਾਂ ਦੀ ਹੈਸੀਅਤ ਸਰਮਾਏਦਾਰ ਕੈਂਪ ਦੇ ਦੇਸ਼ਾਂ ਨਾਲੋਂ ਮਾੜੀ ਨਹੀਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜੋ ਚੀਜ਼ ਹੋਰ ਵੀ ਵਧੇਰੇ ਅਹਿਮ ਹੈ ਉਹ ਇਹ ਹੈ ਕਿ ਸਾਡੇ ਕੈਂਪ, ਸੋਸ਼ਲਿਸਟ ਕੈਂਪ ਦੇ ਦੇਸ਼—ਭਾਵੇਂ ਉਹਨਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਤੇ ਭਾਵੇਂ ਉਹ ਆਪਣੇ ਉਸਾਰੂ ਕੰਮ ਵਿਚ ਸਖ਼ਤ ਤਰੁੱਟੀਆਂ ਤੋਂ ਬਰੀ ਨਹੀਂ—ਭਰੋਸੇ ਨਾਲ ਅਗੇ ਵਧ ਰਹੇ ਹਨ, ਆਪਣੇ ਨਵੇਂ ਜਮਹੂਰੀ ਨਜ਼ਾਮ ਨੂੰ ਲਗਾਤਾਰ ਮਜ਼ਬੂਤ ਬਣਾ ਰਹੇ ਹਨ, ਆਪਣੇ ਲੋਕਾਂ ਦੇ ਸਭਿਆਚਾਰਕ ਤੇ ਜੀਵਨ ਮਿਆਰਾਂ ਨੂੰ ਨਵੀਆਂ ਤੇ ਉਚੇਰੀਆਂ ਪੱਧਰਾਂ ਤੇ ਪਹੁੰਚਾ ਰਹੇ ਹਨ।

ਏਸ਼ੀਆ ਵਿਚ ਵੀ ਇਕ ਨਵੀਂ ਹਾਲਤ ਪੈਦਾ ਹੋ ਗਈ ਹੈ।

ਏਸ਼ੀਆ ਦੀ ਵਸੋਂ ਲਗ ਭਗ ੧੪੦ ਕਰੋੜ ਹੈ, ਜਿਹੜੀ ਸੰਸਾਰ ਦੀ ਕੁਲ ਵਸੋਂ ਦੇ ਅਧ ਤੋਂ ਵਧੀਕ ਹੈ। ਅਜ ਏਸ਼ੀਆ ਦੇ ਅੱਧੇ ਤੋਂ ਥੋਹੜੇ ਜਹੇ ਘਟ ਵਾਸੀ ਵੀ ਲੋਕ ਜਮਹੂਰੀ ਦੇਸ਼ਾਂ ਵਿਚ ਵਸਦੇ ਹਨ, ਜਿਨ੍ਹਾਂ ਸਰਮਾਏਦਾਰੀ ਦਾ ਕੈਂਪ ਛਡ ਦਿਤਾ ਹੈ ਤੇ ਸੋਸ਼ਲਿਜ਼ਮ ਦੀ ਉਸਾਰੀ ਨੂੰ ਆਪਣਾ ਨਿਸ਼ਾਨਾ ਬਣਾ ਲਿਆ ਹੈ।

ਇਹ ਕਹਿਣਾ ਹੀ ਕਾਫ਼ੀ ਹੈ ਕਿ ਚੀਨ, ਉਹੋ ਚੀਨ ਜਿਹੜਾ ਪਿਛੇ ਜਹੇ ਤਕ ਇਕ ਨੀਮ-ਗੁਲਾਮ ਦੇਸ ਸੀ, ਜੋ ਦੁਖਦਾਈ ਰੂਪ ਵਿਚ ਸਾਮਰਾਜੀ ਤਾਕਤਾਂ ਦੇ ਅਧੀਨ ਸੀ ਤੇ ਆਪਣੇ ਕੌਮੀ ਇਲਾਕੇ ਦੀ ਇਕਤਾ ਦੀ ਰਖਿਆ ਕਰਨ ਦੇ ਨਾਕਾਬਲ ਸੀ, ਹੁਣ ਇਕ ਮਹਾਨ ਤੇ ਸੰਪੂਰਨ ਰਾਜ ਵਿਚ ਇਕ-ਮੁਠ ਹੈ ਜਿਸ ਨੇ ਕੌਮੀ ਸਭਿਆਚਾਰ ਤੇ ਆਰਥਕਤਾ ਦੀ ਸਰਬਪਖੀ ਉਨਤੀ ਆਰੰਭ ਦਿਤੀ ਹੈ। ਤੇ ਧਿਆਨ-ਯੋਗ ਗਲ ਇਹ ਹੈ ਕਿ ਇਹ ਸਾਰਾ ਕੁਝ ਓਦੋਂ ਹੀ ਸੰਭਵ ਹੋਇਆ, ਜਦੋਂ ਰਾਜ ਦੀ ਅਗਵਾਈ ਕਮਿਊਨਿਸਟ ਪਾਰਟੀ ਨੇ ਆਪਣੇ ਹਥਾਂ ਵਿਚ ਲੈ ਲਈ। (ਤਾੜੀਆਂ) ਤੇ ਇਹ ਕੋਈ ਐਵੇਂ ਗਲ ਨਹੀਂ ਕਿ ਅਜ ਚੀਨ ਦੇ ਸਭ ਤੋਂ ਹਰਮਨ-ਪਿਆਰੇ ਗੀਤਾਂ ਵਿਚੋਂ ਇਕ ਗੀਤ ਇਹ ਹੈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਫਤਹ ਦੇ ਹਥਿਆਰ ਘੜੇ ਕਮਿਊਨਿਸਟਾਂ,
ਉਹਨਾਂ ਬਿਨਾਂ ਕੀ ਏ ਚੀਨ ਦੀ ਥਾਂ ।"

(ਤਾੜੀਆਂ)

ਕੀ ਇਹ ਹਕੀਕਤਾਂ ਤੇ ਕੋਰੀਆ ਤੇ ਵੀਅਤਨਾਮ ਵਿਚ ਸ਼ੁਰੂ ਹੋਇਆ ਮੁੜ-ਉਸਾਰੀ ਦਾ ਭਰਪੂਰ ਕੰਮ ਏਸ਼ੀਆ ਵਿਚ ਵਾਪਰੀਆਂ ਬੁਨਿਆਦੀ ਤਬਦੀਲੀਆਂ ਦੀ ਗਵਾਹੀ ਨਹੀਂ ਦੇਂਦੇ ? ਕੀ ਇਹ ਸਾਰਾ ਕੁਝ ਨਹੀਂ ਦਰਸਾਂਦਾ ਕਿ ਜੰਗ ਪਿਛੋਂ ਏਸ਼ੀਆ ਵਿਚ ਜ਼ਬਰਦਸਤ ਇਤਿਹਾਸਕ ਮਹਤਤਾ ਵਾਲੀਆਂ ਤਬਦੀਲੀਆਂ ਹੋ ਚੁਕੀਆਂ ਹਨ ?

ਪਰ ਏਸ਼ੀਆ ਵਿਚ ਵਾਪਰੀਆਂ ਤਬਦੀਲੀਆਂ ਸਿਰਫ਼ ਉਹਨਾਂ ਦੇਸ਼ਾਂ ਤਕ ਹੀ ਮਹਿਦੂਦ ਨਹੀਂ ਜਿਨ੍ਹਾਂ ਦਾ ਜ਼ਿਕਰ ਮੈਂ ਕੀਤਾ ਹੈ ।

ਇਹ ਇਕ ਮਹਾਨ ਇਤਿਹਾਸਕ ਮਹੱਤਤਾ ਵਾਲੀ ਹਕੀਕਤ ਹੈ ਕਿ ਹੁਣ ਗੁਲਾਮ ਹਿੰਦੁਸਤਾਨ ਨਹੀਂ ਰਿਹਾ ਤੇ ਉਹਦੀ ਥਾਂ ਇਕ ਭਾਰਤੀ ਰੀਪਬਲਿਕ ਹੈ। ਇਹ ਅਹਿਮ ਤਬਦੀਲੀ ਏਸ਼ੀਆ ਵਿਚ ਜੰਗੋਂ ਮਗਰਲੀਆਂ ਘਟਨਾਵਾਂ ਦੀ ਵਿਸ਼ੇਸ਼ਤਾ ਹੈ । ਕੌਮਾਂ ਵਿਚਕਾਰ ਅਮਨ ਤੇ ਮਿਤ੍ਰਤਾ ਦੇ ਇਕ ਨਵੇਂ ਤੇ ਅਹਿਮ ਅੰਗ ਦੇ ਤੌਰ ਤੇ ਭਾਰਤ ਦਾ ਕੌਮਾਂਤਰੀ ਸਤਿਕਾਰ ਲਗਾਤਾਰ ਵਧ ਰਿਹਾ ਹੈ।

ਹਿੰਦੁਸਤਾਨ ਵਾਂਗ ਇੰਡੋਨੇਸ਼ੀਆ ਤੇ ਬਰਮਾ, ਨੇ ਵੀ ਨੌਆਬਾ-ਦਿਆਤੀ ਗੁਲਾਮੀ ਦਾ ਰਾਜ ਪਰ੍ਹਾਂ ਸੁਟ ਪਾਇਆ ਹੈ । ਅਸੀਂ ਆਸ ਕਰਦੇ ਹਾਂ ਕਿ ਪਾਕਿਸਤਾਨ ਤੇ ਲੰਕਾ ਤੇ ਹੋਰ ਏਸ਼ੀਆਈ ਕੌਮਾਂ ਵੀ ਆਪਣਾ ਅਸਲੀ ਕੌਮੀ ਆਜ਼ਾਦੀ ਤੇ ਆਰਥਕ ਪੁਨਰ-ਜਨਮ ਦਾ ਰਾਹ ਲਭ ਲੈਣਗੀਆਂ । (ਤਾੜੀਆਂ)

ਅਪ੍ਰੈਲ ਵਿਚ—ਅਰਥਾਤ ਹੁਣ ਤੋਂ ਦੋ ਮਹੀਨਿਆਂ ਨੂੰ—ਇੰਡੋਨੇਸ਼ੀਆ ਵਿਚ, ਬਾਨਡੁੰਗ ਵਿਚ ਇਕ ਏਸ਼ੀਆਈ ਤੇ ਅਫਰੀਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਾਨਫਰਸ ਹੋਣੀ ਹੈ, ਜਿਸ ਵਿਚ ਆਸ ਕੀਤੀ ਜਾਂਦੀ ਹੈ ਕਿ ੩੦ ਏਸ਼ੀਆਈ ਤੇ ਅਫਰੀਕੀ ਦੇਸ਼ ਭਾਗ ਲੈਣਗੇ। ਇਸ ਕਾਨਫਰੰਸ ਦਾ ਬੁਲਾਣਾ ਹੀ ਉਹਨਾਂ ਹਾਂ-ਪੱਖੀ ਤਬਦੀਲੀਆਂ ਦੇ ਆਕਾਰ ਦਾ ਸੂਚਕ ਹੈ, ਜਿਹੜੀਆਂ ਪਿਛੇ ਜਹੇ ਏਸ਼ੀਆ ਵਿਚ ਵਾਪਰੀਆਂ ਹਨ।

ਏਸੇ ਤਰ੍ਹਾਂ, ਨੇੜੇ ਦੇ ਤੇ ਮਧ ਪੂਰਬ ਵਿਚ ਵੀ ਕਈ ਇਕ ਤਬਦੀਲੀਆਂ ਵਾਪਰ ਚੁਕੀਆਂ ਹਨ।

ਮਿਸਾਲ ਵਜੋਂ, ਅਸੀਂ ਇਹ ਨਹੀਂ ਆਖ ਸਕਦੇ ਕਿ ਅਰਬੀ ਪੂਰਬ ਵਿਚ ਕੌਮੀ ਆਜ਼ਾਦੀ ਦੀ ਲਹਿਰ ਵੀ ਉਹ ਤਾਕਤ ਤੇ ਆਕਾਰ ਹਾਸਲ ਕਰ ਚੁਕੀ ਹੈ ਜਿਹੜਾ ਕੁਝ ਏਸ਼ੀਆਈ ਦੇਸ਼ਾਂ ਦੀ ਲਹਿਰ ਦੀ ਵਿਸ਼ੇਸ਼ਤਾ ਹੈ। ਇਸ ਇਲਾਕੇ ਦੇ ਦੇਸ, ਖਾਸ ਤੌਰ ਤੇ ਉਹ ਜਿਹੜੇ ਚੋਖੇ ਤੇਲ ਦੇ ਜ਼ਖੀਰਿਆਂ ਦੇ ਮਾਲਕ ਹਨ, ਅਖੌਤੀ "ਪਛਮੀ" ਦੇਸਾਂ ਦੇ ਡਾਢੇ ਅਧੀਨ ਹਨ, ਜਿਨ੍ਹਾਂ ਨੇ ਉਹਨਾਂ ਦੇ ਤੇਲ ਤੇ ਹੋਰਨਾਂ ਕੁਦਰਤੀ ਵਸੀਲਿਆਂ ਤੇ ਕਬਜ਼ਾ ਜਮਾ ਰਖਿਆ ਹੈ। ਇਹਨਾਂ ਹਿਸਿਆਂ ਵਿਚ ਇਹ ਵੀ ਹੁੰਦਾ ਹੈ ਕਿ ਹਕੂਮਤਾਂ ਅਮ੍ਰੀਕੀ ਤੇ ਬਰਤਾਨਵੀਂ ਤੇਲ ਕੰਪਨੀਆਂ ਤੇ ਹੋਰਨਾਂ ਬਦੇਸ਼ੀ ਸੰਸਥਾਵਾਂ ਦੀ ਮਰਜ਼ੀ ਨਾਲ ਬਣਾਦੀਆਂ ਤੇ ਲਾਹੀਆਂ ਜਾਂਦੀਆਂ ਹਨ। ਪਰ ਇਹਦੇ ਬਾਵਜੂਦ ਵੀ ਇਸ ਇਲਾਕੇ ਵਿਚ ਕੌਮੀ ਆਜ਼ਾਦੀ ਦੀ ਲਹਿਰ ਲਗਾਤਾਰ ਵਧ ਰਹੀ ਹੈ।

ਅਫਰੀਕੀ ਕੌਮਾਂ ਦੀ ਬਹੁ-ਗਿਣਤੀ ਅਜੇ ਵੀ ਨੌਆਬਾਦਿਆਤੀ ਅਤਿਆਚਾਰ ਹੇਠ ਹੌਂਕ ਰਹੀ ਹੈ। ਪਰ ਇਹ ਪ੍ਰਤੱਖ ਹੈ ਕਿ ਉਹ ਸਮਾਂ ਦੂਰ ਨਹੀਂ, ਜਦੋਂ ਅਫ਼ਰੀਕੀ ਕੌਮਾਂ ਦੀ ਕੌਮੀ ਆਜ਼ਾਦੀ ਦੀ ਲਹਿਰ ਨੂੰ ਬਿਨਾ ਕਿਸੇ ਪੁਛ ਪਰਤੀਤ ਤੇ ਡਰ ਦੇ ਕੁਚਲਣਾ ਅਸੰਭਵ ਹੋ ਜਾਏਗਾ, ਜਿਵੇਂ ਕਿ ਅਜ ਸਾਮਰਾਜੀ ਮੁਲਕ ਆਪਣੇ ਕਬਜ਼ੇ ਹੇਠਲੇ ਅਫਰੀਕੀ ਇਲਾਕਿਆਂ ਵਿਚ ਅਜੇ ਵੀ ਕਰ ਰਹੇ ਹਨ।

ਕੁਝ ਲੋਕ ਕਹਿ ਸਕਦੇ ਹਨ ਕਿ ਉਤਰੀ ਤੇ ਦਖਣੀ ਅਮ੍ਰੀਕਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਮਹਾਨ ਇਤਿਹਾਸਕ ਲਹਿਰ ਤੋਂ ਪਾਸੇ ਦੀ [illegible] [illegible] ਹਨ, ਜਿਸ ਵਿਚ ਯੋਰਪ ਤੇ ਏਸ਼ੀਆ ਦੇ ਲੋਕ ਠਿਲ੍ਹ ਪਏ ਹਨ। ਪਰ ਫੌਲਾਦੀ ਪਰਦਾ, ਜਿਸ ਨਾਲ ਉਤਰੀ ਅਮ੍ਰੀਕੀ ਸਾਮਰਾਜ ਅਮ੍ਰੀਕਾ ਨੂੰ ਦੂਜੇ ਮਹਾਂਦੀਪਾਂ ਤੋਂ ਅੜ ਰਖਣਾ ਚਾਹੁੰਦਾ ਹੈ, ਏਨਾ ਮਜ਼ਬੂਤ ਨਹੀਂ, ਜਿੰਨਾ ਇਹ ਲਗਦਾ ਹੈ। ਸਰਮਾਏਦਾਰਾ ਇਜਾਰੇਦਾਰੀਆਂ ਦੀ ਫੌਲਾਦੀ ਅੱਡੀ ਉਤੇ ਲਾਈਆ ਹੋਈਆਂ ਆਸਾਂ ਵੀ ਨਿਸਫਲ ਹਨ, ਜਿਨ੍ਹਾਂ ਦੇ ਜ਼ਾਬਰ ਰਾਜ ਦਾ ਵਰਨਣ ਅਧੀ ਸਦੀ ਹੋਈ ਪ੍ਰਸਿਧ ਅਮਰੀਕੀ ਲਿਖਾਰੀ ਜੈਕ ਲੰਡਨ ਨੇ ਏਨੇ ਜ਼ੋਰ ਤੇ ਏਨੀ ਕੁੜਤਣ ਨਾਲ ਕੀਤਾ! ਉਹਨੂੰ ਉਹਨਾਂ ਓੜਕ ਦੀਆਂ ਮੁਸ਼ਕਲਾਂ ਦਾ ਅਨਭਵ ਪਹਿਲੋਂ ਹੀ ਹੋ ਗਿਆ ਸੀ, ਜਿਹੜੀਆਂ ਅਮਰੀਕੀ ਲੋਕਾਂ ਦੀ ਸੁੱਚੀ ਤਰੱਕੀ ਤੇ ਸਰਮਾਏਦਾਰੀ ਦੀਆਂ ਬੇੜੀਆਂ ਤੋਂ ਮੁਕਤੀ ਦੇ ਮਾਰਗ ਤੇ ਚਲਣ ਸਮੇਂ ਉਹਨਾਂ ਨੂੰ ਪੇਸ਼ ਆਉਣੀਆਂ ਸਨ।

ਹਰ ਹਾਲੇ, ਜੇ ਅਸੀਂ ਦੂਜੀ ਸੰਸਾਰ ਜੰਗ ਦੇ ਪਿਛੋਂ ਦੇ ਸਮੇਂ ਤੇ ਵਿਚਾਰ ਕਰੀਏ ਤਾਂ ਅਮਰੀਕੀ ਮਹਾਂਦੀਪ ਤੇ ਵਾਪਰੀਆਂ ਤਬਦੀਲੀਆਂ ਅਜੇ ਤਕ ਸਭ ਤੋਂ ਘਟ ਉਜਾਗਰ ਹਨ, ਭਾਵੇਂ ਏਥੇ ਵੀ ਲੋਕਾਂ ਦੀ ਜ਼ਿੰਦਗੀ ਦੀਆਂ ਡੂੰਘਾਣਾਂ ਵਿਚ ਵਿਕਾਸ ਕਰ ਰਹੀਆਂ ਅਗੇ-ਵਧੂ ਰੁਚੀਆਂ ਹਰ ਲੰਘਦੇ ਦਿਨ ਨਾਲ ਆਪਣਾ ਆਪ ਵਧੇਰਾ ਮਹਿਸੂਸ ਕਰਾ ਰਹੀਆਂ ਹਨ। ਇਹਦੇ ਨਾਲ ਅਮਰੀਕੀ ਫੌਲਾਦੀ ਪਰਦੇ ਦੀ ਮਜ਼ਬੂਤੀ ਸਾਬਤ ਨਹੀਂ ਹੁੰਦੀ ਤੇ ਨਾ ਹੀ ਉਸ ਫੌਲਾਦੀ ਅੱਡੀ ਉਤੇ ਰਖਿਆ ਉਚੇਚਾ ਭਰੋਸਾ ਹੀ ਸਾਬਤ ਹੁੰਦਾ ਹੈ, ਜਿਸ ਹੇਠ ਸਰਮਾਏਦਾਰ ਇਜਾਰੇਦਾਰੀਆਂ ਨੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਮਿਧ ਛਡਿਆ ਹੈ; ਸਗੋਂ ਇਹ ਸਾਬਤ ਹੁੰਦਾ ਹੈ ਕਿ ਅਮਰੀਕਾ ਨੇ ਅਜੇ ਰਾਜਸੀ ਵਿਕਾਸ ਵਿਚ ਆਪਣੇ ਪਛੜੇਵੇਂ ਨੂੰ ਦੂਰ ਕਰਨਾ ਹੈ, ਅਜੇ ਕੁਝ ਹੋਰ ਦੇਸ਼ਾਂ ਵਿਚ ਹੋ ਰਹੇ ਰਾਜਸੀ ਜੀਵਨ ਦੇ ਵਿਕਾਸ ਨਾਲ ਰਲਣਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਰਤਮਾਨ ਕੌਮਾਂਤਰੀ ਅਵਸਥਾ ਦਾ ਸਮੁਚੇ ਤੌਰ ਤੇ ਜੰਗੋਂ ਪਹਿਲੀ ਅਵਸਥਾ ਨਾਲ ਮੁਕਾਬਲਾ ਕਰਦਿਆਂ ਹੋਇਆਂ ਅਸੀਂ ਵੇਖਦੇ ਹਾਂ ਕਿ ਬੀਤੇ ਦਸ ਜਾਂ ਪੰਦਰਾਂ ਵਰ੍ਹਿਆਂ ਵਿਚ ਕਿੰਨੀਆਂ ਮਹਤਵ-ਪੂਰਣ ਤਬਦੀਲੀਆਂ ਵਾਪਰੀਆਂ ਹਨ ਤੇ ਯਕੀਨੀ ਗਲ ਹੈ, ਇਹਨਾਂ ਉਤੇ ਸਾਨੂੰ ਕੋਈ ਅਫਸੋਸ ਨਹੀਂ ।

ਇਸ ਵਾਸਤੇ ਵਰਤਮਾਨ ਕੌਮਾਂਤਰੀ ਅਵਸਥਾ ਦਾ ਸਮੁਚਾ ਅੰਦਾਜ਼ਾ ਲਾਣ ਲਈ ਇਹ ਵਿਚਾਰਨਾ ਵਡੀ ਮਹਤਤਾ ਰਖਦਾ ਹੈ ਕਿ ਹੁਣ ਮੁਖ ਸੰਸਾਰ-ਤਾਕਤਾਂ ਦੀ ਮੁਕਾਬਲਤਨ ਤਾਕਤ ਕਿਵੇਂ ਖੜੀ ਹੈ। ਇਹ ਕਰਨ ਸਮੇਂ, ਸਾਨੂੰ ਬੀਤੀਆਂ ਘਟਨਾਵਾਂ ਦੀ, ਜਾਂ ਉਹਨਾਂ ਦੀ ਵਰਤਮਾਨ ਸੇਧ ਦੀ, ਮਹਤਤਾ ਨੂੰ ਨਾ ਘਟਾ ਕੇ ਤੇ ਨਾ ਹੀ ਵਧਾ ਕੇ ਵੇਖਣਾ ਚਾਹੀਦਾ ਹੈ । ਇਹ ਕਿਸੇ ਹਾਲਤ ਵਿਚ ਵੀ ਨਹੀਂ ਵਿਸਾਰਨਾ ਚਾਹੀਦਾ ਕਿ ਸਵਾਲ ਇਕ ਲੰਮੇ ਇਤਿਹਾਸਕ ਸਮੇਂ ਦਾ ਹੈ, ਜਿਸ ਵਿਚੋਂ ਅਜੇ ਤਕ ਅਸੀਂ ਸਿਰਫ ੩੭ ਵਰ੍ਹਿਆਂ ਤੋਂ ਕੁਝ ਵਧ ਵੇਲਾ ਬਿਤਾਇਆ ਹੈ ।

ਕੀ ਇਸ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਕਿ ਸਰਮਾਏ-ਦਾਰੀ ਦੀ, ਸਰਮਾਏਦਾਰਾ ਜਮਾਤਾਂ ਦੀ, ਹਾਲਤ ਜੰਗ ਤੋਂ ਪਹਿਲਾਂ ਦੀ ਹਾਲਤ ਨਾਲੋਂ ਕਿਤੇ ਨਿਤਾਣੀ ਹੈ ? ਨਹੀਂ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ । ਇਸੇ ਤਰ੍ਹਾਂ ਇਹ ਵੀ ਪ੍ਰਤੱਖ ਹੈ ਕਿ ਇਹ ਤਬਦੀਲੀਆਂ ਸੋਸ਼ਲਿਜ਼ਮ ਦੇ, ਜਮਹੂਰੀ ਤੇ ਸੋਸ਼ਲਿਸਟ ਤਾਕਤਾਂ ਦੇ, ਹਕ ਵਿਚ ਹੋਈਆਂ ਹਨ । (ਤਾੜੀਆਂ)

ਦੂਜੀ ਸੰਸਾਰ-ਜੰਗ ਨੇ ਸਰਮਾਏਦਾਰਾ ਸੰਸਾਰ ਨਜ਼ਾਮ ਦੇ ਆਮ ਸੰਕਟ ਨੂੰ ਹੋਰ ਤਿਖਾ ਕਰ ਦਿਤਾ । ਇਸ ਦਾ ਇਜ਼ਹਾਰ ਸੰਸਾਰ ਸਰਮਾਏਦਾਰਾ ਕੈਂਪ ਦੇ ਨਾਲ ਨਾਲ ਇਕ ਨਵੇਂ ਸੰਸਾਰ ਕੈਂਪ ਦੀ ਸਥਾਪਤੀ ਵਿਚ ਹੋਇਆ । ਇਕ ਜਮਹੂਰੀ-ਕੈਂਪ ਉਠ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੜੋਤਾ, ਜਿਹੜਾ ਸੋਵੀਅਤ ਯੂਨੀਅਨ ਦੀ ਅਗਵਾਈ ਹੇਠ ਸੋਸ਼ਲਿਜ਼ਮ ਦੀ ਉਸਾਰੀ ਦੇ ਰਾਹੇ ਪੇ ਗਿਆ ਹੈ। ਇਹ ਭਾਵੇਂ ਕਿਸੇ ਨੂੰ ਚੰਗਾ ਲਗੇ ਭਾਵੇਂ ਮਾੜਾ, ਪਰ ਹੈ ਇਹ ਇਕ ਹਕੀਕਤ।

ਇਹਨਾਂ ਬੁਨਿਆਦੀ ਘਟਨਾਵਾਂ ਦਾ ਆਰਥਕ ਸਿੱਟਾ ਇਕੋ ਸਰਬ-ਵਿਆਪਕ ਸੰਸਾਰ-ਮੰਡੀ ਦਾ ਟੁਟ ਜਾਣਾ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ, ਇਕੋ ਸੰਸਾਰ-ਮੰਡੀ ਹੁਣ ਕੋਈ ਨਹੀਂ ਰਹੀ। ਦੋ ਬਰਾਬਰ ਸੰਸਾਰ-ਮੰਡੀਆਂ ਹੁਣ ਇਕ ਦੂਜੀ ਦੇ ਸਾਹਮਣੇ ਹਨ।

ਇਸ ਤਰ੍ਹਾਂ ਦੋ ਰਾਜਸੀ ਕੈਂਪਾਂ ਦਾ, ਜਿਹੜੇ ਦੂਜੀ ਸੰਸਾਰ-ਜੰਗ ਪਿਛੋਂ ਕਾਇਮ ਹੋਏ, ਆਧਾਰ ਆਪੋ ਆਪਣੀਆਂ ਆਰਥਕ ਬੁਨਿਆਦਾਂ ਉਤੇ ਹੈ। ਇਸ ਸਭ ਕਾਸੇ ਤੋਂ ਸਾਨੂੰ ਸਰਮਾਏਦਾਰੀ ਦੇ ਉਸ ਆਮ ਸੰਕਟ ਦੀ ਨਵੀਂ ਸਟੇਜ ਦਾ ਅੰਦਾਜ਼ਾ ਹੁੰਦਾ ਹੈ, ਜਿਹੜਾ ਦੂਜੀ ਸੰਸਾਰ-ਜੰਗ ਦੇ ਦੌਰਾਨ ਵਿਚ ਤੇ ਇਹਦੇ ਨਤੀਜੇ ਵਜੋਂ, ਸ਼ੁਰੂ ਹੋਇਆ। ਇਹ ਨਵੀਂ ਸਟੇਜ ਸਰਮਾਏਦਾਰੀ ਦੇ ਆਮ ਸੰਕਟ ਦੇ, ਸਖਤ ਡੂੰਘੇ ਹੋ ਜਾਣ ਦਾ ਸਬੂਤ ਹੈ।

ਤੁਸੀਂ ਆਖੋਗੇ ਕਿ ਸੰਸਾਰ ਦੀ ਅਵਸਥਾ ਵਿਚ ਜੋ ਇਤਿਹਾਸਕ ਤਬਦੀਲੀਆਂ ਹੋਈਆਂ ਹਨ, ਕਿਸੇ ਲਈ ਵੀ ਉਹਨਾਂ ਨੂੰ ਅਖੋਂ ਪਰੋਖਾ ਕਰਨਾ ਅਸੰਭਵ ਹੈ। ਪਰ ਅਸਲ ਵਿਚ ਇਹ ਗਲ ਹਮੇਸ਼ਾ ਸੱਚੀ ਨਹੀਂ ਹੁੰਦੀ।

ਲੋਕਾਂ ਦੇ ਦਬਾਓ ਦੇ ਕਾਰਨ, ਜਿਨ੍ਹਾਂ ਨੇ ਕੁਝ ਇਕ ਦੇਸਾਂ ਵਿਚ ਜਗੀਰਦਾਰਾਂ ਤੇ ਸਰਮਾਏਦਾਰਾਂ ਦਾ ਤਖਤਾ ਉਲਟ ਦਿਤਾ ਤੇ ਆਪਣੇ ਲੋਕਾਂ—ਮਜ਼ਦੂਰ ਜਮਾਤ ਤੇ ਕ੍ਰਿਸਾਣੀ, ਸ਼ਹਿਰੀ ਤੇ ਪੇਂਡੂ ਜਮਹੂਰੀਅਤ ਦੇ ਪ੍ਰਤੀਨਿਧਾਂ—ਨੂੰ ਰਾਜ-ਅਧਿਕਾਰੀ ਥਾਪ ਦਿਤਾ, ਸਰਮਾਏਦਾਰੀ ਨੂੰ ਪਿਛੇ ਹਟਣ ਲਈ ਮਜਬੂਰ ਹੋਣਾ ਪਿਆ। ਪਰ ਸਾਮਰਾਜੀ ਮੁਲਕਾਂ ਦੀਆਂ ਹਾਕਮ ਜਮਾਤਾਂ ਇਸ ਨਵੀਂ ਹਾਲਤ ਨਾਲ ਰਜ਼ਾਮੰਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਣੋਂ ਇਨਕਾਰ ਕਰਦੀਆਂ ਹਨ । ਇਹ ਗਲ ਅਮਰੀਕਾ ਬਾਰੇ ਖਾਸ ਤੌਰ ਤੇ ਸੱਚੀ ਹੈ, ਜਿਥੇ ਹਕੂਮਤ ਕਰੋੜ-ਪਤੀਆਂ ਤੇ ਅਰਬ-ਪਤੀਆਂ ਦੇ ਹਥਾਂ ਵਿਚ ਹੈ, ਜਿਨ੍ਹਾਂ ਦਾ ਮੁਲਕ ਉਤੇ ਗਲਬਾ ਹੈ, ਕਹਿਣ ਦੀ ਲੋੜ ਨਹੀਂ ਕਿ ਬਰਤਾਨੀਆਂ ਤੇ ਹੋਰਨਾਂ ਸਾਮਰਾਜੀ ਦੇਸ਼ਾਂ ਦੇ ਸਰਮਾਏਦਾਰ ਵੀ ਉਸੇ ਸੱਚੇ ਵਿਚ ਢਲੇ ਹੋਏ ਹਨ, ਜਿਸ ਵਿਚ ਕਿ ਅਮਰੀਕੀ ਸਰਮਾਏਦਾਰ ।

ਜੋ ਉਹ ਚਾਹੁੰਦੇ ਹਨ, ਬੁਝਣਾ ਔਖਾ ਨਹੀਂ ।

ਉਹ ਉਹਨਾਂ ਸਾਰੇ ਦੇਸ਼ਾਂ ਨੂੰ ਸਰਮਾਏ ਦੀ ਤਾਕਤ ਦੇ ਮੁੜ ਅਧੀਨ ਕਰਨਾ ਚਾਹੁੰਦੇ ਹਨ, ਜਿਨ੍ਹਾਂ ਸਰਮਾਏਦਾਰੀ ਦੀਆਂ ਜ਼ੰਜੀਰਾਂ ਤੋੜ ਘਤੀਆਂ । ਸਾਨੂੰ ਸਾਮਰਾਜੀ ਦੇਸ਼ਾਂ ਦੀ, ਖਾਸ ਕਰਕੇ ਅਮਰੀਕਾ, ਬਰਤਾਨੀਆਂ ਤੇ ਹੋਰਨਾਂ ਦੀ ਬਦੇਸ਼ੀ ਨੀਤੀ ਤੋਂ ਇਸ ਗਲ ਦੀ ਪੁਸ਼ਟੀ ਮਿਲਦੀ ਹੈ ।

ਮਿਸਾਲ ਲਈ, ਅਮਰੀਕਾ ਦੇ ਹਾਕਮ ਖੁਲ੍ਹੇ ਆਮ ਐਲਾਨ ਕਰਦੇ ਹਨ ਕਿ ਉਹਨਾਂ ਦੀ ਬਦੇਸ਼ੀ ਨੀਤੀ ਦਾ ਮੁਖ ਨਿਸ਼ਾਨਾ ਉਹਨਾਂ ਦੇਸ਼ਾਂ ਨੂੰ, ਜਿਵੇਂ ਉਹ ਕਹਿੰਦੇ ਹਨ, "ਆਜ਼ਾਦ" ਕਰਾਉਣ ਤੋਂ ਘਟ ਜਾਂ ਵਧ ਕੁਝ ਵੀ ਨਹੀਂ, ਜਿਨ੍ਹਾਂ ਵਿਚ ਮਜ਼ਦੂਰਾਂ ਤੇ ਕਿਸਾਨਾਂ ਨੇ ਫਤਹ ਪਾ ਲਈ ਹੈ, ਜਿਥੇ ਮਿਹਨਤਕਸ਼ ਲੋਕਾਂ ਨੇ ਤਾਕਤ ਆਪਣੇ ਹਥਾਂ ਵਿਚ ਲੈ ਲਈ ਹੈ । ਜਿਵੇਂ ਕਿ ਉਹ ਦਸਦੇ ਹਨ, ਇਸ "ਆਜ਼ਾਦੀ" ਦਾ ਭਾਵ, ਮਾਨੋ ਇਹਨਾਂ ਦੇਸ਼ਾਂ ਨੂੰ "ਸਰਮਾਏਦਾਰਾ ਸਵਰਗ" ਵਿਚ ਜਾਂ ਜਿਵੇਂ ਕਿ ਉਹ ਆਮ ਤੌਰ ਤੇ ਕਹਿੰਦੇ ਹਨ, "ਸੁਤੰਤਰ ਸੰਸਾਰ" ਵਿਚ ਵਾਪਸ ਲਿਆਣਾ ਹੋਏਗਾ । ਇਹ 'ਸੁਤੰਤਰ ਸੰਸਾਰ" ਉਹਨਾਂ ਦੇ ਵਿਚਾਰ ਵਿਚ, ਸਰਮਾਏਦਾਰੀ ਨਜ਼ਾਮ ਹੈ, ਜਿਥੇ ਇਹ ਲੋਟੂ ਭੱਦਰ-ਪੁਰਸ਼ ਡਾਢੀ ਸੁਤੰਤਰਤਾ ਮਹਿਸੂਸ ਕਰਦੇ ਹਨ, ਜਿਥੇ ਹਾਕਮ ਜਮਾਤਾਂ ਪੂਰੀ ਖੁਲ੍ਹ ਨਾਲ ਤੇ ਸਿਧੀ ਤਰ੍ਹਾਂ ਮਿਹਨਤੀ ਲੋਕਾਂ ਦੀ ਵਧ ਤੋਂ ਵਧ ਲੁਟ ਖਸੁਟ ਕਰ ਸਕਦੀਆਂ ਹਨ ।

CC-0. In Public Domain. Gurukul Kangri Collection, Haridwar

ਉਹ ਲੋਕ ਜਮਹੂਰੀਅਤਾਂ ਨੂੰ ਉਹਨਾਂ ਹਕੂਮਤਾਂ ਤੋਂ "ਆਜ਼ਾਦ"
Digitized by Arya Samaj Foundation Chennai and eGangotri
ਕਰਾਉਣਾ ਚਾਹੁੰਦੇ ਹਨ ਜਿਹੜੀਆਂ ਮਜ਼ਦੂਰਾਂ ਤੇ ਕਿਸਾਨਾਂ ਦੇ ਇਨਕਲਾਬੀ ਏਕੇ ਸਦਕਾ ਸਥਾਪਤ ਹੋਈਆਂ ਹਨ ਤੇ ਤਾਕਤ ਉਹਨਾਂ ਲੋਕਾਂ ਦੇ ਹਥ ਦੇਣਾ ਚਾਹੁੰਦੇ ਹਨ ਜਿਹੜੇ ਉਹਨਾਂ ਦੇ ਹਥ-ਠੋਕੇ ਹੋਣ। ਮਤਲਬ ਇਹ ਕਿ ਉਹ ਜੰਗ ਤੋਂ ਪਿਛੋਂ ਇਹਨਾਂ ਦੇਸ਼ਾਂ ਵਿਚ ਕਾਇਮ ਹੋਏ ਨਵੇਂ ਸੋਸ਼ਲਿਸਟ ਤੇ ਜਮਹੂਰੀ ਨਜ਼ਾਮ ਨੂੰ ਉਲਟਾਣਾ ਤੇ ਉਸਦੀ ਥਾਂ ਉਹਨਾਂ ਲੋਟੂਆਂ ਦੇ ਦਿਲਾਂ ਨੂੰ ਅਤ ਪਿਆਰੇ ਲਗਦੇ ਸਰਮਾਏਦਾਰ ਰਾਜ ਠੋਸਣਾ ਚਾਹੁੰਦੇ ਹਨ, ਅਜਿਹੇ ਰਾਜ ਜਿਨ੍ਹਾਂ ਵਿਚ ਮਿਹਨਤਕਸ਼ ਲੋਕ ਲੁਟੇ-ਖਸੁਟੇ ਜਾਣਗੇ ਤੇ ਸਰਮਾਏਦਾਰ ਤੇ ਜਗੀਰਦਾਰ ਹੁਕਮ ਚਲਾਣਗੇ ।

ਇਸ ਕੰਮ ਦਾ ਮੁਢ ਉਹ ਉਹਨਾਂ ਦੇਸ਼ਾਂ ਤੋਂ ਬੰਨ੍ਹਣਾ ਚਾਹੁੰਦੇ ਹਨ, ਜਿਨ੍ਹਾਂ ਵਿਚ ਉਹਨਾਂ ਦੀ ਜਾਚੇ, ਉਹਨਾਂ ਦੇ ਏਜੰਟਾਂ ਨੂੰ ਸਭ ਤੋਂ ਛੇਤੀ ਸਰਗਰਮ ਕੀਤਾ ਜਾ ਸਕਦਾ ਹੈ। ਮਿਸਾਲ ਲਈ, ਅਜਿਹੀ ਇਕ ਕੋਸ਼ਸ਼, ਜਿਵੇਂ ਕਿ ਅਸੀਂ ਜਾਣਦੇ ਹਾਂ, ੧੭ ਜੂਨ, ਸੰਨ ੧੯੫੩ ਨੂੰ ਬਰਲਿਨ ਵਿਚ ਕੀਤੀ ਗਈ। ਪਰ ਹਰ ਕੋਈ ਜਾਣਦਾ ਹੈ ਕਿ ਇਹ ਬੁਰੀ ਤਰ੍ਹਾਂ ਫੇਲ੍ਹ ਹੋਈ । ਹਮਲਾ-ਕਰੂ ਸਾਮਰਾਜੀ ਅਨਸਰਾਂ ਲਈ ਇਹ ਇਕ ਚੰਗਾ ਸਬਕ ਸਾਬਤ ਹੋਣਾ ਚਾਹੀਦਾ ਸੀ । ਪਰ ਅਜਿਹੀਆਂ ਮੁਹਿੰਮਾਂ ਦੇ ਹਕ ਵਿਚ ਪਰਚਾਰ ਅਜੇ ਵੀ ਜਾਰੀ ਹੈ।

ਹਮਲਾਵਰ ਸਾਮਰਾਜੀ ਅਨਸਰਾਂ ਦੀ ਹਾਬੜ ਤੇ ਉਹਨਾਂ ਦੀਆਂ ਪਰਲੇ ਦਰਜੇ ਦੀਆਂ ਪਿਛੇ-ਖਿਚੂ ਰੀਝਾਂ ਲੋਕ ਜਮਹੂਰੀਅਤਾਂ ਤੇ ਹੀ ਬਸ ਨਹੀਂ ਹੋ ਜਾਂਦੀਆਂ। ਉਹ ਸਾਡੇ ਦੇਸ਼ ਵਿਚ ਵੀ ਸਰਮਾਏ-ਦਾਰੀ ਮੁੜ-ਸਥਾਪਤ ਕਰਨਾ ਚਾਹੁੰਦੇ ਹਨ।

ਆਮ ਤੌਰ ਤੇ ਉਹ ਇਹ ਗਲ ਖੁਲ੍ਹੇ ਆਮ ਨਹੀਂ ਕਹਿੰਦੇ, ਪਰ ਕਦੀ ਕਦਾਈਂ ਕਹਿੰਦੇ ਜ਼ਰੂਰ ਹਨ ।

CC-0. In Public Domain. Gurukul Kangri Collection, Haridwar

ਮਿਸਾਲ ਲਈ, ਜ਼ਰਾ ਵਿਨਸਟਨ ਚਰਚਿਲ, ਜਿਸ ਨੂੰ ਸਹੀ
Digitized by Arya Samaj Foundation Chennai and eGangotri
ਤੌਰ ਤੇ ਸਾਮਰਾਜ ਦਾ ਸਭ ਤੋਂ ਸਿਰਕੱਢ ਵਿਚਾਰਧਾਰਕ ਮਾਹਿਰ ਸਮਝਿਆ ਜਾਂਦਾ ਹੈ, ਦੀ ਬਕੜਵਾਹ ਸੁਣੋ । ਅਜੇ ਤਕ ਉਹ ਇਕੋ ਖ਼ਬਤ ਨੂੰ, ਅਰਥਾਤ "ਬਾਲਸ਼ਵਿਜ਼ਮ ਦਾ ਉਹਦੇ ਬੀਜ ਰੂਪ ਵਿਚ ਹੀ ਸਾਹ ਘੁਟ ਦੇਣ" ਦੇ ਖ਼ਬਤ ਨੂੰ ਦੁਹਰਾਈ ਜਾ ਰਿਹਾ ਹੈ, ਤੇ ਜਿਵੇਂ ਕਿ ਉਹ ਆਪ ਮੰਨਦਾ ਹੈ, ਇਹ ਖ਼ਬਤ "ਸਾਰੀ ਜ਼ਿੰਦਗੀ ਉਹਦੇ ਉਤੇ ਸਵਾਰ ਰਿਹਾ ਹੈ ।"

(ਉਤਸੁਕਤਾ)

ਇਸ ਸਬੰਧੀ ਉਹਦੇ ਬਿਆਨਾਂ ਵਿਚੋਂ ਇਕ ਇਹ ਹੈ, ਜਿਹੜਾ ਉਹਨੇ ੨੮ ਜੂਨ, ਸੰਨ ੧੯੫੪ ਨੂੰ ਕੌਮੀ ਪ੍ਰੈਸ ਕੌਂਸਲ ਵਿਚ ਦਿਤਾ : "ਮੈਂ ਤੁਹਾਨੂੰ ਵਿਸ਼ਵਾਸ ਦਿਵਾਂਦਾ ਹਾਂ ਕਿ ਮੈਂ ਸਾਰੀ ਜ਼ਿੰਦਗੀ ਉਹਨਾਂ ਹਕੀਕੀ ਤੌਰ ਤੇ ਸਿਰਕਢ ਲੋਕਾਂ ਵਿਚੋਂ ਰਿਹਾ ਹਾਂ ਜਿਹੜੇ ਇਸ (ਕਮਿਊਨਿਜ਼ਮ) ਵਿਰੁਧ ਲੜਦੇ ਰਹੇ ਹਨ । ਜੇ ਸੰਨ ੧੯੧੯ ਵਿਚ ਮੈਨੂੰ ਯੋਗ ਹਮਾਇਤ ਮਿਲਦੀ ਤਾਂ ਮੇਰਾ ਖ਼ਿਆਲ ਹੈ ਕਿ ਅਸੀਂ ਬਾਲਸ਼ਾਵਿਜ਼ਮ ਦਾ ਉਹਦੇ ਪੰਘੂੜੇ ਵਿਚ ਹੀ ਗਲ ਘੁਟ ਸੁਟਦੇ। ਪਰ ਤਦੋਂ ਹਰ ਕਿਸੇ ਨੇ ਆਪਣੇ ਹਥ ਚੁਕ ਲਏ ਤੇ ਆਖਿਆ : 'ਕਿੱਡੀ ਭੈੜੀ ਗਲ ਏ' ।"

ਸੰਨ ੧੯੫੪ ਵਿਚ ਵੀ, ਸਾਡੇ ਦੇਸ਼ ਵਿਚ ਸੋਸ਼ਲਿਸਟ ਇਨਕਲਾਬ ਦੀ ਫਤਹ ਦੇ ਏਨੇ ਸਾਰੇ ਵਰ੍ਹਿਆਂ ਪਿਛੋਂ ਵੀ, ਚਰਚਿਲ ਨੂੰ ਕਮਿਊਨਿਜ਼ਮ ਨੂੰ "ਪੰਘੂੜੇ ਵਿਚ" ਹੀ ਘੁਟ ਕੇ ਮਾਰ ਮੁਕਾਣ ਤੋਂ ਵਧੇਰੇ ਸਿਆਣੀ ਕੋਈ ਗਲ ਨਾ ਸੁਝ ਸਕੀ । ਮੇਨੂੰ ਡਰ ਹੈ ਕਿ ਉਹ ਕੁਝ ਬਹੁਤਾ ਹੀ ਪਛੜ ਗਿਆ ਹੈ । (ਹਾਸਾ ਤੇ ਤਾੜੀਆਂ

ਉਹ ਗੱਡੀਓਂ ਰਹਿ ਗਿਆ ਹੈ । (ਹਾਸਾ ਤੇ ਤਾੜੀਆਂ)

ਸਾਨੂੰ ਹੁਣ ਇਸ ਕਿਸਮ ਦੀ ਸੋਵੀਅਤ-ਵਿਰੋਧੀ ਤੁਤਕਬੀਨੀ ਤੇ ਹਾਸਾ ਆਉਂਦਾ ਹੈ । ਪਰ ਫਿਰ ਵੀ ਸਾਨੂੰ ਭੋਲੇ ਨਹੀਂ ਬਣਨਾ

CC-0. In Public Domain. Gurukul Kangri Collection, Haridwar

ਚਾਹੀਦਾ। ਕਮਿਊਨਿਸਟਾਂ ਤੇ ਸਾਰੇ ਸੋਵੀਅਤ ਲੋਕਾਂ ਨੂੰ ਸਾਮਰਾਜੀਆਂ
Digitized by Arya Samaj Foundation Chennai and eGangotri
ਤੋਂ ਪਿਆਰ ਤੇ ਹਮਦਰਦੀ ਦੀ ਆਸ ਨਹੀਂ ਰਖਣੀ ਚਾਹੀਦੀ।

ਚਰਚਿਲ ਦੀਆਂ ਤਕਰੀਰਾਂ ਬੀਤੇ ਦੀ ਲੋਚ ਨਾਲ ਭਰੀਆਂ ਹੋਈਆਂ ਹਨ। ਉਹਦਾ ਸੁਭਾ ਹੀ ਕੁਝ ਅਜਿਹਾ ਹੈ ਕਿ ਉਹ ਨਵੀਨਤਾ ਦਾ ਵਿਰੋਧੀ ਹੈ ਤੇ ਉਹਨਾਂ ਨਵੀਆਂ ਰੁਚੀਆਂ ਦਾ ਕਦੀ ਨਾ ਸੁਧਰਨ ਵਾਲਾ ਮੁਖ਼ਾਲਫ਼ ਹੈ, ਜਿਹੜੀਆਂ ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਫ਼ਤਹ ਨਾਲ ਸ਼ੁਰੂ ਹੋਈਆਂ ਤੇ ਜਿਹੜੀਆਂ ਉੱਨਤ ਹੋ ਮਜ਼ਦੂਰ ਜਮਾਤ ਤੇ ਸਾਰੇ ਮਿਹਨਤਕਸ਼ਾਂ ਦੀ ਸੱਚੀ ਆਜ਼ਾਦੀ ਦੀ, ਸਰਮਾਏਦਾਰੀ ਤੇ ਜਾਗੀਰਦਾਰੀ ਅਤਿਆਚਾਰ ਤੋਂ ਆਜ਼ਾਦੀ ਦੀ ਮਹਾਨ ਲੋਕ ਲਹਿਰ ਬਣ ਗਈਆਂ। (ਤਾੜੀਆਂ)

ਹੁਣ ਕੋਈ ੩੨ ਵਰ੍ਹਿਆਂ ਤੋਂ ਵਧੇਰੇ ਸਮਾਂ ਹੋ ਗਿਆ ਹੈ, ਜਦ ਤੋਂ ਚਰਚਿਲ ਸੋਸ਼ਲਿਸਟ ਨਜ਼ਾਮ ਨੂੰ ਜਿਥੇ ਕਿਤੇ ਵੀ ਇਹ ਹੋਂਦ ਵਿਚ ਆਇਆ ਹੈ ਉਲਟਾ ਦੇਣ ਦਾ ਹੋਕਾ ਦੇਂਦਾ ਰਿਹਾ ਹੈ ਤੇ ਇਸ ਨਵੇਂ ਨਜ਼ਾਮ ਦਾ "ਇਹਦੇ ਪੰਘੂੜੇ ਵਿਚ ਹੀ ਗਲ ਘੁਟ ਦੇਣ" ਦੀ ਜ਼ਰੂਰਤ ਤੇ ਜ਼ੋਰ ਦੇਂਦਾ ਰਿਹਾ ਹੈ। ਉਹ ਸਾਰੇ ਸਾਮਰਾਜੀਆਂ ਦੀਆਂ ਦਿਲੀ ਰੀਝਾਂ ਦਾ ਤਰਜਮਾਨ ਹੈ, ਜਿਨ੍ਹਾਂ ਨੂੰ ਇਕੋ ਚੀਜ਼ ਚਾਹੀਦੀ ਹੈ— ਮੁਕੰਮਲ ਗਲਬਾ, ਸਾਰੇ ਸੰਸਾਰ ਉਤੇ ਗਲਬਾ।

ਪਰ ਇਹ ਕਿਵੇਂ ਹਾਸਲ ਹੋ ਸਕਦਾ ਹੈ, ਜਦੋਂ ਕਿ ਲੋਕਾਂ ਨੇ ਆਪ ਇਕ ਹੋਰ ਰਾਹ ਚੁਣ ਲਿਆ ਹੈ, ਸਰਮਾਏਦਾਰੀ ਨਾਲ ਪੱਕੀ ਤਰ੍ਹਾਂ ਤੋੜ ਵਿਛੋੜਾ ਕਰ ਲਿਆ ਹੈ, ਤੇ ਜਦੋਂ ਉਹ ਸੋਸ਼ਲਿਜ਼ਮ ਤੇ ਲੋਕ ਜਮਹੂਰੀਅਤ ਦੀ ਸੜਕ ਤੇ ਪੈ ਗਏ ਹਨ?

ਇਸ ਸਵਾਲ ਦਾ ਜਵਾਬ ਅਮਰੀਕੀ ਤੇ ਨਾਲ ਹੀ ਬਰਤਾਨਵੀ ਸਾਮਰਾਜ ਦੀ ਐਲਾਨੀਆ ਬਦੇਸ਼ ਨੀਤੀ—"ਤਾਕਤ ਦੀਆਂ ਪੁਜ਼ੀਸ਼ਨਾਂ" ਵਾਲੀ ਨੀਤੀ ਹੈ। ਇਹਨਾਂ ਦੇਸ਼ਾਂ ਦੇ ਹਾਕਮ, ਸਭ ਤੋਂ ਵਧ ਜਾਬਰ ਸਰਮਾਏਦਾਰ ਅਨਸਰਾਂ ਦੇ ਮਨਸੂਬਿਆਂ ਦੀ ਨੁਮਾਇੰਦਗੀ ਕਰਦੇ ਹਨ ਤੇ ਕਾਇਮ ਹੋ ਚੁਕੀਆਂ ਹਕੀਕਤਾਂ ਨੂੰ ਮੰਨਣ ਤੋਂ ਅਜੇ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨਕਾਰੀ ਹਨ। ਉਹ ਇਹ ਮੰਨਣ ਤੋਂ ਇਨਕਾਰੀ ਹਨ ਕਿ ਲੋਕਾਂ ਨੂੰ ਆਪਣੀ ਤਕਦੀਰ ਆਪ ਨਜਿਠਣ ਦਾ ਹਕ ਹੈ ਤੇ ਨਤੀਜੇ ਦੇ ਤੌਰ ਤੇ, ਪੁਰਾਣੇ ਪਰਬੰਧ ਨੂੰ ਠੁਕਰਾਣ, ਸਰਮਾਏਦਾਰਾ ਨਜ਼ਾਮ ਨੂੰ ਖ਼ਤਮ ਕਰਨ ਤੇ ਉਹਨਾਂ ਦਾ ਆਪਣਾ ਨਵਾਂ ਸੋਸ਼ਲਿਸਟ ਨਜ਼ਾਮ ਸਥਾਪਤ ਕਰਨ ਦਾ ਹਕ ਹੈ।

ਹਮਲਾ-ਕਰੂ ਸਾਮਰਾਜੀ ਅਨਸਰਾਂ ਦਾ ਵਿਚਾਰ ਹੋਰ ਹੈ। ਉਹ ਇਹ ਮੰਨਣ ਤੋਂ ਇਨਕਾਰੀ ਹਨ, ਕਿ ਲੋਕਾਂ ਦੀ ਸਰਮਾਏਦਾਰੀ ਦੀਆਂ ਜ਼ੰਜੀਰਾਂ ਤੋਂ ਆਪਣੇ ਆਪ ਨੂੰ ਆਜ਼ਾਦ ਕਰਾਉਣ ਦੀ ਚਾਹ ਹੱਕੀ ਹੈ। ਉਹਨਾਂ ਨੇ ਸਾਰੇ ਸੰਸਾਰ ਵਿਚ ਸਰਮਾਏਦਾਰੀ ਦੀ ਹਾਕਮੀ ਬਹਾਲ ਕਰਨ ਦੀ ਧਾਰੀ ਹੋਈ ਹੈ। ਇਹ ਹੈ ਜਿਸ ਤੋਂ ਅਮਰੀਕਾ ਦੀ ਬਦੇਸ਼ੀ-ਨੀਤੀ—ਸਾਰੇ ਸੰਸਾਰ ਵਿਚ ਸਾਮਰਾਜੀ ਗਲਬੇ ਦੀ ਮੁੜ-ਸਥਾਪਤੀ ਦੀ ਨੀਤੀ, ਸੋਸ਼ਲਿਜ਼ਮ ਦਾ ਤਖ਼ਤਾ ਉਲਟਾਣ ਦੀ ਨੀਤੀ, ਲੋਕ-ਜਮਹੂਰੀਅਤਾਂ ਵਿਚ ਮਿਹਨਤਕਸ਼ ਲੋਕਾਂ ਦੀ ਤਾਕਤ ਦਾ ਤਖ਼ਤਾ ਉਲਟਣ ਦੀ ਨੀਤੀ–ਉਕਸਾਹਟ ਲੈਂਦੀ ਹੈ।

ਇਹ ਨਿਸ਼ਾਨੇ ਹਨ, ਜਿਹੜੇ ਅਮਰੀਕਾ ਦੀ ਹਮਲਾ-ਕਰੂ ਬਦੇਸ਼ੀ ਨੀਤੀ ਨੂੰ ਟੁੰਬਦੇ ਹਨ। ਇਸ ਨੀਤੀ ਦਾ ਭਾਵ ਸਿਰਫ ਇਕ ਹੋਰ ਸੰਸਾਰ-ਜੰਗ, ਸਾਰੇ ਸੰਸਾਰ ਵਿਚ ਸਾਮਰਾਜੀ ਹਾਕਮੀ ਦੀ ਮੁੜ-ਸਥਾਪਤੀ ਦੀ ਜੰਗ ਛੇੜਨਾ ਹੈ।

ਇਸ ਸਭ ਕਾਸੇ ਦੇ ਅਰਥ ਇਹ ਹਨ ਕਿ ਇਕ ਨਵਾਂ ਨਜ਼ਾਮ ਪੁਰਾਣੇ ਨਜ਼ਾਮ ਦੇ ਖਿਲਾਫ ਸਖ਼ਤ ਘੋਲ ਵਿਚੋਂ ਉਪਜਦਾ ਹੈ, ਕਿ ਸਾਮਰਾਜ ਤੇ ਉਹਦੇ ਏਜੰਟਾਂ ਦੇ ਮੁਕਾਬਲੇ ਦੇ ਜਤਨਾਂ ਨੂੰ ਹਰਾਣ ਤੇ ਉਹਨਾਂ ਤੇ ਭਾਰੂ ਹੋਣ ਤੋਂ ਬਿਨਾ ਸੋਸ਼ਲਿਜ਼ਮ ਕਿਸੇ ਵੀ ਦੇਸ਼ ਵਿਚ ਫਤਹ ਨਹੀਂ ਪਾ ਸਕਦਾ।

ਇਹ ਹੈ ਉਹ ਜੰਗੋਂ ਮਗਰਲੀ ਕੌਮਾਂਤਰੀ ਹਾਲਤ, ਜਿਸ ਨੇ ਇਨ੍ਹਾਂ ਪਿਛਲੇ ਵਰ੍ਹਿਆਂ ਅੰਦਰ ਮੁਖ ਘਟਨਾਵਾਂ ਦਾ ਖਾਸਾ ਮਿਥਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨. ਕੌਮਾਂਤਰੀ ਨੀਤੀ ਦੀਆਂ ਦੋ ਲਾਇਨਾਂ

ਸੋਵੀਅਤ ਯੂਨੀਅਨ ਤੇ ਸੋਸ਼ਲਿਸਟ ਕੈਂਪ ਦੇ ਹੋਰ ਦੇਸ ਸਾਰੇ ਦਰਿੜ੍ਹਤਾ ਤੇ ਭਰੋਸੇ ਨਾਲ ਆਪਣੇ ਲੋਕਾਂ ਦੀਆਂ ਜਿੱਤੀਆਂ ਕਾਮਯਾਬੀਆਂ ਨੂੰ ਕਾਇਮ ਰਖ ਰਹੇ ਹਨ ਤੇ ਇਹਨਾਂ ਕਾਮਯਾਬੀਆਂ ਨੂੰ ਮਜ਼ਬੂਤ ਬਨਾਣ ਲਈ ਤੇ ਆਪਣੀ ਸੋਸ਼ਲਿਸਟ ਉਸਾਰੀ ਵਾਸਤੇ ਸ਼ਾਂਤ ਤੇ ਪੁਰਅਮਨ ਹਾਲਾਤ ਯਕੀਨੀ ਬਣਾਨ ਲਈ ਲਗਾਤਾਰ ਕੰਮ ਕਰ ਰਹੇ ਹਨ। ਜਮਹੂਰੀਅਤ ਤੇ ਸੋਸ਼ਲਿਜ਼ਮ ਦਾ ਕੈਂਪ ਅਮਨ ਦਾ ਕੈਂਪ ਹੈ। ਇਹ ਹੀ ਕਾਰਨ ਹੈ ਕਿ ਇਹਨੂੰ ਆਮ ਤੌਰ ਤੇ ਅਮਨ, ਜਮਹੂਰੀਅਤ ਤੇ ਸੋਸ਼ਲਿਜ਼ਮ ਦਾ ਕੈਂਪ ਸਦਿਆ ਜਾਂਦਾ ਹੈ।

ਸੋਵੀਅਤ ਯੂਨੀਅਨ ਅਮਨ ਤੇ ਸੋਸ਼ਲਿਜ਼ਮ ਦੇ ਹਿਤਾਂ ਨੂੰ ਉਚਾ ਰਖਦਾ ਹੈ ਤੇ ਇਸ ਲਈ ਉਹ ਆਪਣੀ ਬਦੇਸ਼ੀ ਨੀਤੀ ਵਿਚ ਕੌਮਾਂਤਰੀ ਖਿਚਾਓ ਘਟਾਣ ਦਾ ਹਾਮੀ ਹੈ।

ਜਮਹੂਰੀ ਕੈਂਪ ਦੇ ਸਾਰੇ ਹੀ ਦੇਸ ਸੋਵੀਅਤ ਯੂਨੀਅਨ ਦੇ ਨਾਲ ਰਲਕੇ ਕੌਮਾਂਤਰੀ ਖਿਚਾਓ ਘਟਾਣ ਦੀ ਇਸ ਬਦੇਸੀ ਨੀਤੀ ਨੂੰ ਉਚਾ ਰਖਦੇ ਹਨ।

ਸੋਵੀਅਤ ਯੂਨੀਅਨ ਦੀ ਇਸ ਪੁਰਅਮਨ ਬਦੇਸ਼ੀ ਨੀਤੀ ਦੇ ਮੁਕਾਬਲੇ ਵਿਚ ਅਮਰੀਕਾ ਇਕ ਅਜਿਹੀ ਨੀਤੀ ਰਖਦਾ ਹੈ, ਜਿਸ ਦੀ ਝਲਕ "ਤਾਕਤ ਦੀ ਨੀਤੀ" ਤੋਂ ਮਿਲਦੀ ਹੈ। ਅਮ੍ਰੀਕੀ ਬਦੇਸੀ ਨੀਤੀ ਦਾ ਹਮਲਾਵਰ ਜਾਬਰ ਮੁਕੰਮਲ ਤੌਰ ਤੇ ਪਰਤੱਖ ਹੈ।

CC-0. In Public Domain. Gurukul Kangri Collection, Haridwar

ਲੱਖਾਂ ਕਰੋੜਾਂ ਲੋਕ ਧਿਆਨ ਨਾਲ ਇਹ ਵੇਖਣ ਲਈ ਨੀਝ
Digitized by Arya Samaj Foundation Chennai and eGangotri
ਲਾਈ ਬੈਠੇ ਹਨ ਕਿ ਘਟਨਾਵਾਂ ਕਿਹੜਾ ਰੁਖ ਧਾਰਨ ਕਰਨਗੀਆਂ: ਕੀ ਉਹ ਅਮਨ ਨੂੰ ਮਜ਼ਬੂਤ ਕਰਨ ਦੇ ਪਾਸੇ ਜਾਣਗੀਆਂ, ਜਾਂ ਇਹਦੇ ਉਲਟ, ਜੰਗ ਦੇ ਖਤਰੇ ਨੂੰ ਵਧਾਣ ਦੇ ਪਾਸੇ। ਕੁਝ ਵੀ ਉਹਨਾਂ ਲਈ ਏਨਾ ਦੁਖ ਤੇ ਏਨੀ ਪੀੜ ਨਹੀਂ ਲਿਆਂਦਾ ਜਿੰਨੀ ਕਿ ਜੰਗ। ਕੀ ਇਹ ਸਪਸ਼ਟ ਨਹੀਂ ਕਿ ਜੇ ਮਨੁਖਤਾ ਇਕ ਹੋਰ ਜੰਗ ਵਿਚ ਝੋਕ ਦਿਤੀ ਗਈ, ਤਾਂ ਉਹਦੇ ਸਿਟੇ ਉਸ ਦੂਜੀ ਸੰਸਾਰ-ਜੰਗ ਨਾਲੋਂ ਵੀ ਅਤਿਅੰਤ ਵਧੇਰੇ ਘੋਰ ਹੋਣਗੇ। ਜਿਸ ਨੇ ਕੌਮਾਂ ਨੂੰ ਨਾ ਸਿਰਫ ਬੇ-ਹਿਸਾਬਾ ਮਾਦੀ ਨੁਕਸਾਨ ਹੀ ਪਹੁੰਚਾਇਆ ਸਗੋਂ ਲਖਾਂ ਕਰੋੜਾਂ ਮਨੁਖੀ ਜਿੰਦਾਂ ਨੂੰ ਮਾਰ ਮੁਕਾਇਆ।

ਸੋਵੀਅਤ ਯੂਨੀਅਨ ਕੌਮਾਂਤਰੀ ਘਟਨਾਵਾਂ ਵਿਚ ਇਕ ਵਿਸ਼ੇਸ਼ ਹੈਸੀਅਤ ਰਖਦਾ ਹੈ।

ਜੇਤੂ ਸੋਸ਼ਲਿਜ਼ਮ ਦਾ ਦੇਸ਼ ਹੋਣ ਵਜੋਂ, ਸੋਵੀਅਤ ਯੂਨੀਅਨ ਅਮਨ ਲਈ ਸਰਗਰਮ ਘੋਲ ਵਿਚ, ਜੰਗ ਦੇ ਸਾਜ਼ਸ਼ੀਆਂ ਦੇ ਵਿਰੁਧ ਘੋਲ ਵਿਚ ਇਕ ਸਤਿਕਾਰ ਯੋਗ ਥਾਂ ਰਖਦਾ ਹੈ। ਅਜ ਸੋਵੀਅਤ ਯੂਨੀਅਨ ਕੌਮਾਂ ਵਿਚਕਾਰ ਅਮਨ ਤੇ ਮਿਤ੍ਰਤਾ ਦਾ ਮੁਖ ਸਹਾਰਾ ਹੈ।

(ਉਚੀਆਂ ਤਾੜੀਆਂ)

ਸੋਵੀਅਤ ਯੂਨੀਅਨ ਦੀ, ਚੀਨੀ ਲੋਕ ਰੀਪਬਲਿਕ ਦੀ ਤੇ ਸਾਰੀਆਂ ਲੋਕ ਜਮਹੂਰੀਅਤਾਂ ਦੀ ਵਧ ਰਹੀ ਤਾਕਤ ਨਾਲ ਤੇ ਸਾਰੇ ਦੂਜੇ ਦੇਸਾਂ ਵਿਚ ਅਮਨ ਲਹਿਰ ਦੇ ਵਧ ਰਹੇ ਆਕਾਰ ਨਾਲ, ਲੋਕਾਂ ਵਿਚ ਇਹ ਅਹਿਸਾਸ ਵਧ ਰਿਹਾ ਹੈ ਕਿ ਅਮਨ ਦਾ ਕਾਜ਼ ਉਹਨਾਂ ਦੇ ਆਪਣੇ ਹੱਥਾਂ ਵਿਚ ਹੈ ਕਿ ਉਹ ਇਕ ਹੋਰ ਜੰਗ ਨੂੰ ਰੋਕ ਸਕਦੇ ਹਨ ਤੇ ਅਮਨ ਨੂੰ ਉੱਚਾ ਰਖ ਸਕਦੇ ਹਨ ਜੇ ਉਹ ਆਪਣਾ ਪੂਰਾ ਜ਼ੋਰ ਲਾ ਦੇਣ ਤੇ ਜਦੋਂ ਲੋੜ ਪਏ, ਅਮਨ ਦੇ ਕਾਜ਼ ਦੀ ਅਖ਼ੀਰ ਤਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦ੍ਰਿੜ੍ਹਤਾ ਨਾਲ ਰੱਖਿਆ ਕਰਨ।

(ਲੰਮੀਆਂ ਤਾੜੀਆਂ)

ਸੋਵੀਅਤ ਯੂਨੀਅਨ ਅਮਨ ਦੀਆਂ ਤਾਕਤਾਂ ਨੂੰ ਮਜ਼ਬੂਤ ਕਰਨ ਤੇ ਕੌਮਾਂਤਰੀ ਖਿਚਾਓ ਘਟਾਣ ਵਿਚ ਹਿੱਸਾ ਪਾਣ ਨੂੰ ਆਪਣਾ ਮੁਖ ਕੰਮ ਸਮਝਦਾ ਹੈ।

ਸੋਵੀਅਤ ਯੂਨੀਅਨ ਦੀ ਬਦੇਸੀ ਪਾਲਿਸੀ ਅਮਨ ਨੂੰ ਕਾਇਮ ਰਖਣ ਤੇ ਪਕਿਆਂ ਕਰਨ ਦੇ ਪੂਰੀ ਤਰ੍ਹਾਂ ਅਨੁਕੂਲ ਹੈ। ਇਹ ਜੰਗ ਬਾਜ਼ਾਂ ਦੀਆਂ ਤੇ ਉਹਨਾਂ ਸਾਮਰਾਜੀ ਤਾਕਤਾਂ ਦੀਆਂ ਹਮਲਾਵਰ ਸਕੀਮਾਂ ਤੇ ਗੋਂਦਾ ਦਾ ਪਾਜ ਉਘੇੜਨ ਵਿਚ ਵੀ ਸਹਾਇਕ ਹੁੰਦੀ ਹੈ, ਜਿਹੜੀਆਂ "ਤਾਕਤ" ਦੀ ਨੀਤੀ ਤੇ ਟੇਕ ਰਖਦੀਆਂ ਹਨ, ਜਿਹੜੀ ਨੀਤੀ ਅਸਲੀਅਤ ਵਿਚ ਦਿਨੋ ਦਿਨ ਤੀਜੀ ਜੰਗ ਛੇੜਨ ਦੀ ਨੀਤੀ ਬਣਦੀ ਜਾ ਰਹੀ ਹੈ।

ਅਸੀਂ ਬਦੇਸ਼ੀ ਨੀਤੀਆਂ ਦੀਆਂ ਦੋ ਵਿਰੋਧੀ ਲਾਇਨਾਂ ਦੀ ਜਦੋਜਹਿਦ ਦਾ ਵਿਕਾਸ ਵੇਖ ਰਹੇ ਹਾਂ।

ਇਕ ਪਾਸੇ ਜਦ ਸੋਵੀਅਤ ਯੂਨੀਅਨ ਦੀ ਪੁਰ ਅਮਨ ਬਦੇਸੀ ਨੀਤੀ ਨੂੰ ਜ਼ਮਹੂਰੀ ਕੈਂਪ ਵਿਚ ਤੇ ਸਾਰੇ ਦੇਸਾਂ ਦੀ ਵਸੋਂ ਦੇ ਜਮਹੂਰੀ ਭਾਗਾਂ ਵਿਚ ਵਧ ਤੋਂ ਵਧ ਤਕੜੀ ਹਮਾਇਤ ਮਿਲ ਰਹੀ ਹੈ, ਦੂਜੇ ਪਾਸੇ ਅਮ੍ਰੀਕਾ ਦੀ ਜਾਬਰ ਬਦੇਸੀ ਨੀਤੀ ਇਕ ਪਿਛੋਂ ਦੂਜੇ ਹਮਲਾਕਰੂ ਫ਼ੌਜੀ ਗਠ ਜੋੜ ਜਾਂ ਸੰਧੀ ਦੀ ਸਥਾਪਤੀ ਉਤੇ ਭਰੋਸਾ ਰਖਦੀ ਹੈ ਤੇ ਉਹਦਾ ਅੰਤਮ ਪ੍ਰਗਟਾਵਾ ਐਟਮੀ ਜੰਗ ਦੀ ਖੁਲ੍ਹੀ ਡੁਲ੍ਹੀ ਵਕਾਲਤ ਤੇ ਤਿਆਰੀ ਵਿਚ ਹੁੰਦਾ ਹੈ।

ਨਾਲ ਹੀ ਅਜਿਹੇ ਦੇਸ਼ ਹਨ, ਜਿਹੜੇ ਆਰਥਕ ਨੁਕਤੇ ਤੋਂ, ਮੁਖ ਤੌਰ ਤੇ ਸਰਮਾਏਦਾਰਾ ਸਮਾਜ ਨਾਲ ਸਬੰਧਤ ਹਨ, ਪਰ ਜਿਹੜੇ ਕੌਮਾਂਤਰੀ ਮਾਮਲਿਆਂ ਵਿਚ ਅਮਨ ਦੇ ਕਾਇਮ ਰਖੇ ਜਾਣ ਤੇ ਖਿਚਾਓ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਘਟਾਏ ਜਾਣ ਦੀ ਇਛਿਆ ਰਖਦੇ ਹਨ । ਅਜਿਹੀਆਂ ਇਛਾਵਾਂ ਨੂੰ ਹਲਾ ਸ਼ੇਰੀ ਦੇਣ ਦੀ ਮਹੱਤਤਾ ਨੂੰ ਘਟਾ ਕੇ ਨਹੀਂ ਵੇਖਣਾ ਚਾਹੀਦਾ ।

ਕੌਮਾਂਤਰੀ ਖਿਚਾਓ ਘਟਾਣ ਦੀ ਨੀਤੀ ਦਾ ਭਾਵ ਕੀ ਹੈ ?

ਇਸ ਦਾ ਸਭ ਤੋਂ ਸੁਚੱਜਾ ਅਨੁਮਾਨ ਹਕੀਕਤਾਂ ਤੋਂ ਲਾਇਆ ਜਾ ਸਕਦਾ ਹੈ। ਮਿਸਾਲ ਵਜੋਂ ਪਿਛਲੇ ਸਾਲ ਦੀਆਂ ਘਟਨਾਵਾਂ ਤੇ ਵਰਤਮਾਨ ਵੇਲੇ ਦੀਆਂ ਘਟਨਾਵਾਂ ਨੂੰ ਲਉ ।

ਸੋਵੀਅਤ ਯੂਨੀਅਨ ਦੇ ਜ਼ੋਰ ਦੇਣ ਤੇ ਫਰਵਰੀ ਸੰਨ ੧੯੫੪ ਦੇ ਅਖੀਰ ਵਿਚ ਬਰਲਿਨ ਵਿਖੇ ਫ਼ਰਾਂਸ, ਬਰਤਾਨੀਆਂ, ਅਮ੍ਰੀਕਾ ਤੇ ਸੋਵੀਅਤ ਯੂਨੀਅਥ ਦੇ ਬਦੇਸ ਮੰਤਰੀਆਂ ਦੀ ਇਕ ਕਾਨਫਰੰਸ ਹੋਈ ।

ਇਸ ਕਾਨਫਰੰਸ ਵਿਚ ਅਸੀਂ ਅਜਿਹੇ ਫੈਸਲਿਆਂ ਲਈ ਕੋਸ਼ਸ਼ ਕੀਤੀ, ਜਿਨ੍ਹਾਂ ਨਾਲ ਕੌਮਾਂਤਰੀ ਖਿਚਾਓ ਨੂੰ ਚੋਖਾ ਘਟਾਣ ਵਿਚ ਸਹੂਲਤ ਮਿਲਣੀ ਸੀ। ਅਸੀਂ ਜ਼ੋਰ ਦਿਤਾ ਕਿ ਚਾਰੇ ਦੇਸ ਪਛਮੀ ਜਰਮਨੀ ਵਿਚ ਫ਼ੌਜ ਸ਼ਾਹੀ ਨੂੰ ਬਹਾਲ ਕਰਨ ਦੀਆਂ ਸਕੀਮਾਂ ਦੀ ਜ਼ੋਰਦਾਰ ਨਿਖੇਧੀ ਕਰਨ; ਅਸੀਂ ਬਰਲਿਨ ਕਾਨਫ਼ਰੰਸ ਰਾਹੀਂ ਹਥਿ-ਆਰਾਂ ਵਿਚ ਆਮ ਕਾਟ ਸਬੰਧੀ ਸੰਸਾਰ ਕਾਨਫ਼ਰੰਸ ਬੁਲਾਣ ਦੇ ਕੰਮ ਨੂੰ ਅਗੇ ਖੜਨ ਦਾ ਜਤਨ ਵੀ ਕੀਤਾ। ਅਮ੍ਰੀਕਾ, ਬਰਤਾਨੀਆ ਤੇ ਫਰਾਂਸ ਦੇ ਨੁਮਾਇੰਦੇ ਇਹਨਾਂ ਸਵਾਲਾਂ ਉਤੇ ਸਾਡੇ ਨਾਲ ਨਾ ਰਲੇ ।

ਇਹਦੇ ਬਾਵਜੂਦ ਵੀ ਬਰਲਿਨ ਕਾਨਫਰੰਸ ਨੇ ਇਕ ਅਹਿਮ ਉਸਾਰੂ ਰੋਲ ਅਦਾ ਕੀਤਾ ।

ਬਰਲਿਨ ਕਾਨਫਰੰਸ ਦੀ ਮਹੱਤਤਾ ਮੁਢਲੇ ਤੌਰ ਤੇ ਇਸ ਹਕੀਕਤ ਵਿਚ ਸੀ ਕਿ ਵਡੀਆਂ ਤਾਕਤਾਂ ਨੇ ਪੰਜਾਂ ਸਾਲਾਂ ਦੀ ਵਿਥ ਪਿਛੋਂ ਕੌਮਾਂਤਰੀ ਕਾਨਫ਼ਰੰਸਾਂ ਫਿਰ ਸ਼ੁਰੂ ਕਰ ਲਈਆਂ। ਇਹ ਗਲ ਭਖਦੇ ਕੌਮਾਂਤਰੀ ਮਸਲਿਆਂ ਦੇ ਨਿਪਟਾਰੇ ਲਈ ਵਡੀ ਮਹੱਤਤਾ ਰਖਦੀ ਹੈ। ਜਿਥੋਂ ਤਕ ਬਰਲਿਨ ਵਿਚ ਇਕ ਹੋਰ ਕਾਨਫ਼ਰੰਸ ਬੁਲਾਣ ਦੇ

 CC-0. In Public Domain. Gurukul Kangri Collection, Haridwar

ਫ਼ੈਸਲੇ ਦਾ ਸਬੰਧ ਹੈ, ਜਿਹੜੀ ਕਿ ਪਿਛੋਂ ਜਨੇਵਾ ਵਿਚ ਕੀਤੀ ਗਈ, Digitized by Arya Samaj Foundation Chennai and eGangotri ਅਸੀਂ ਜਾਣਦੇ ਹਾਂ ਕਿ ਇਸ ਫ਼ੈਸਲੇ ਤੋਂ ਨਰੋਏ ਨਤੀਜੇ ਨਿਕਲੇ ਹਨ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਫ਼ਰਾਂਸ, ਬਰਤਾਨੀਆਂ, ਅਮ੍ਰੀਕਾ ਤੇ ਸੋਵੀਅਤ ਯੂਨੀਅਨ ਤੋਂ ਇਲਾਵਾ ਚੀਨੀ ਲੋਕ ਰੀਪਬਲਿਕ ਨੇ ਵੀ ਜਨੇਵਾ ਕਾਨਫ਼ਰੰਸ ਵਿਚ ਹਿੱਸਾ ਲਿਆ ਤੇ ਹੋਰ ਦੇਸ ਵੀ ਜਿਹੜੇ ਕੋਰੀਆ ਤੇ ਹਿੰਦ-ਚੀਨੀ ਦੇ ਸਵਾਲਾਂ ਦੇ ਨਿਪਟਾਰੇ ਨਾਲ ਸਬੰਧਤ ਸਨ ਇਸ ਵਿਚ ਸ਼ਾਮਲ ਹੋਏ। ਜੇ ਬਰਲਿਨ ਕਾਨਫ਼ਰੰਸ ਦੀ ਜਿਤ ਇਹ ਸੀ ਕਿ ਇਹਨੇ ਜਨੇਵਾ ਕਾਨਫ਼ਰੰਸ ਬੁਲਾਣ ਦਾ ਫ਼ੈਸਲਾ ਕੀਤਾ, ਜਿਸ ਵਿਚ, ਅਮਰੀਕਾ ਦੇ ਵਿਰੋਧ ਦੇ ਬਾਵਜੂਦ ਵੀ, ਚੀਨੀ ਲੋਕ ਰੀਪਬਲਿਕ ਸਮੇਤ ਪੰਜਾਂ ਦੀਆਂ ਪੰਜੇ ਵਡੀਆਂ ਤਾਕਤਾਂ ਨੇ ਹਿਸਾ ਲਿਆ, ਤਾਂ ਜਨੇਵਾ ਕਾਨਫਰੰਸ ਦੇ ਨਰੋਏ ਨਤੀਜਿਆਂ ਨੇ ਪੱਕਾ ਕਰ ਦਿਤਾ ਕਿ ਉਸ ਕਾਨਫਰੰਸ ਵਿਚ ਚੀਨ ਦਾ ਹਿੱਸਾ ਲੈਣਾ ਕਿੰਨਾ ਜ਼ਰੂਰੀ ਸੀ।

ਜਨੇਵਾ ਕਾਨਫਰੰਸ ਉਹ ਸਾਰਾ ਕੁਝ ਨਾ ਕਰ ਸਕੀ, ਜੋ ਕੁਝ ਇਸ ਨੂੰ ਕਰਨਾ ਚਾਹੀਦਾ ਸੀ, ਕਿਉਂਕਿ ਇਹ ਕੋਰੀਆ ਦੇ ਸਵਾਲ ਦੇ ਨਿਪਟਾਰੇ ਨੂੰ ਅਗੇ ਨ ਲਿਜਾ ਸਕੀ। ਪਰ ਕਾਨਫਰੰਸ ਵਿਚ ਵੀਅਤ-ਨਾਮ ਅੰਦਰਲੀ ਜੰਗ ਨੂੰ ਖਤਮ ਕਰਨ ਸਬੰਧੀ ਸਮਝੌਤੇ ਹੋ ਗਏ, ਜਿਹੜੀ ਅਠਾਂ ਵਰ੍ਹਿਆਂ ਤੋਂ ਲਗੀ ਹੋਈ ਸੀ। ਉਹਦੇ ਵਿਚ ਲਾਓਸ ਤੇ ਕਮਬੋਦੀਆ ਵਿਚ ਜੰਗ ਨੂੰ ਮੁਕਾਣ ਸਬੰਧੀ ਸਮਝੌਤੇ ਵੀ ਹੋ ਗਏ। ਇਹ ਮੁਖ ਤੌਰ ਤੇ ਵੀਅਤ-ਨਾਮੀ ਲੋਕਾਂ ਦਾ ਆਪਣੀ ਆਜ਼ਾਦੀ ਤੇ ਕੌਮੀ ਸੁਤੰਤਰਤਾ ਲਈ ਆਪਾ-ਵਾਰੂ ਘੋਲ ਹੀ ਸੀ, ਜਿਨ੍ਹੇ ਇਹਨਾਂ ਸਮਝੌਤਿਆਂ ਨੂੰ ਮੰਭਵ ਬਣਾਇਆ। ਓਸ ਘੋਲ ਨੂੰ, ਨਾਲ ਹੀ ਹੋਰਨਾਂ ਕੌਮਾਂ ਦੀ ਸਰਗਰਮ ਹਮਦਰਦੀ ਤੇ ਹਮਾਇਤ ਪਰਾਪਤ ਸੀ। ਇਸ ਸਭ ਕਾਸੇ ਨੂੰ ਜਨੇਵਾ ਕਾਨਫਰੰਸ ਵਿਚ ਕਿਸੇ

पुस्तकालय

CC-0. In Public Domain. Gurukul Kangri Collection, Haridwar
गुरुकुल कांगड़ी

ਹਦ ਤਕ ਤਸਲੀਮ ਕੀਤਾ ਗਿਆ ।
Digitized by Arya Samaj Foundation Chennai and eGangotri

ਅਮਰੀਕਾ ਵਲੋਂ ਹਿੰਦ-ਚੀਨੀ ਵਿਚ ਅਮਨ ਦੀ ਬਹਾਲੀ ਸਬੰਧੀ ਸਮਝੌਤੇ ਨੂੰ ਰੋਕਣ ਲਈ ਖੁਲ੍ਹਮ-ਖੁਲ੍ਹੇ ਜਤਨ ਕੀਤੇ ਗਏ । ਸਿਰਫ ਅਮਰੀਕਾ ਦੇ ਸੈਕਟਰੀ ਆਫ ਸਟੇਟ ਡੱਲਸ ਨੇ ਹੀ ਨਹੀਂ ਸਗੋਂ ਮੀਤ-ਪਰਧਾਨ ਨਿਕਲਸਨ ਨੇ ਵੀ, "ਤਾਕਤ ਦੀ ਨੀਤੀ" ਦੇ ਕੱਟਰ ਵਿਸ਼ਵਾਸੀਆਂ ਦੇ ਤੌਰ ਤੇ, ਜੰਗ ਦੇ ਖਾਤਮੇ ਤੇ ਵੀਅਤ-ਨਾਮੀ ਲੋਕਾਂ ਦੀਆਂ ਹੱਕੀ ਮੰਗਾਂ ਦੀ ਪੂਰਤੀ ਤੇ ਹਿੰਦ-ਚੀਨੀ ਵਿਚ ਕੌਮੀ ਆਜ਼ਾਦੀ ਦੀ ਲਹਿਰ ਨੂੰ ਹਥਿਆਰਬੰਦ ਤਾਕਤ ਨਾਲ ਕੁਚਲ ਦੇਣ ਲਈ ਨੰਗੇ ਤੌਰ ਤੇ ਕੰਮ ਕੀਤਾ । ਉਹਨਾਂ ਵੀਅਤ-ਨਾਮੀ ਲੋਕਾਂ ਵਿਰੁਧ ਜੰਗ ਨੂੰ "ਕੌਮਾਂਤਰੀ ਰੰਗ" ਦੇਣ ਦਾ ਵਿਚਾਰ ਅਗੇ ਲਿਆਂਦਾ ਤੇ ਫਰਾਂਸ ਤੋਂ ਇਲਾਵਾ ਅਮਰੀਕਾ ਤੇ ਬਰਤਾਨੀਆ ਦੋਹਾਂ ਨੂੰ ਜੰਗ ਵਿਚ ਖਿਚਣਾ ਚਾਹਿਆ ਤੇ ਜਨੇਵਾ ਵਿਚ ਸਮਝੌਤੇ ਨੂੰ ਰੋਕਣ ਲਈ ਯੋਗ ਅਯੋਗ ਜਤਨ ਕੀਤੇ ।

ਹਾਲਤ ਇਹ ਹੋ ਗਈ ਕਿ ਅਮਰੀਕੀ ਸੈਕਟਰੀ ਆਫ ਸਟੇਟ ਡੱਲਜ਼ ਨੇ ਹਿੰਦ-ਚੀਨੀ ਦੇ ਸਵਾਲ ਸਬੰਧੀ ਵਿਚਾਰਾਂ ਵਿਚ ਹਿਸਾ ਲੈਣੋ ਇਨਕਾਰ ਕਰ ਦਿਤਾ ਤੇ ਉਹ ਨੁਮਾਇਸ਼ੀ ਢੰਗ ਨਾਲ ਜਨੇਵਾ ਤੋਂ ਤੁਰ ਗਿਆ । ਪਰ ਆਪਣੀਆਂ ਜਾਬਰ ਸਕੀਮਾਂ ਦਾ ਇਹ ਵਿਖਾਲਾ ਕਰਨ ਰਾਹੀਂ ਅਮਰੀਕਾ ਦੇ ਪੱਲੇ ਕੁਝ ਨ ਪਿਆ ਸਗੋਂ ਉਹਨੇ ਵੇਖਿਆ ਕਿ ਉਹ ਛੇਕਿਆ ਗਿਆ ਹੈ ।

ਜਨੇਵਾ ਕਾਨਫਰੰਸ ਦੇ ਨਤੀਜੇ ਹਮਲਾਕਰੂ ਤਾਕਤਾਂ ਦੀ ਹਾਰ ਤੇ ਦੂਜੇ ਪਾਸੇ, ਅਮਨ ਦੀਆਂ ਤਾਕਤਾਂ ਲਈ ਇਕ ਚੋਖੀ ਫਤਹ ਸਮਝੇ ਗਏ । ਇਸ ਤਰ੍ਹਾਂ, ਜਨੇਵਾ ਕਾਨਫਰੰਸ ਨੇ ਕੌਮਾਂਤਰੀ ਖਿਚਾਓ ਘਟਾਣ ਤੇ ਅਮਨ ਨੂੰ ਅਗੇ ਲਿਜਾਣ ਵਿਚ ਸਹਾਇਤਾ ਦਿਤੀ ।

ਫਿਰ ਵੀ ਅਮਰੀਕਾ ਅੰਦਰਲਾ ਜਾਬਰ ਅਨਸਰ ਠੰਡਾ ਨਹੀਂ ਪਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਵੇਂ ਹੀ ਜਨੇਵਾ ਕਾਨਫਰੰਸ ਖਤਮ ਹੋਈ, ਅਮਰੀਕਾ ਦੇ ਸੈਕਟਰੀ ਆਫ ਸਟੇਟ ਨੇ ਫਿਲੀਪਾਇਨਜ਼ ਵਿਚ ਮਨੀਲਾ ਵਿਖੇ ਇਕ ਆਪਣੀ ਕਾਨਫਰੰਸ ਜੋੜ ਧਰੀ । ਇਹ ਕਾਨਫਰੰਸ ਜਨੇਵਾ ਦੇ ਫੈਸਲਿਆਂ ਨੂੰ ਭੰਗ ਕਰਨ ਦੇ ਪਰਤੱਖ ਮਨੋਰਥ ਨਾਲ ਬੁਲਾਈ ਗਈ । ਨਾਲ ਹੀ ਜਨੇਵਾ ਕਾਨਫਰੰਸ ਵਿਚ ਭਾਗ ਲੈਣ ਵਾਲੇ ਕੁਝ ਦੇਸ਼ਾਂ ਨੇ ਇਸ ਗਲ ਤੋਂ ਲਾਪਰਵਾਹ ਹੋ ਕੇ ਕਿ ਇਸ ਨਾਲ ਉਹਨਾਂ ਦੇ ਵਕਾਰ ਤੇ ਕੀ ਅਸਰ ਪਏਗਾ, ਇਸ ਹਮਲਾਵਰ ਗੋਂਦ ਵਿਚ ਸਹਾਇਤਾ ਦੇਣੀ ਪਰਵਾਨ ਕਰ ਲਈ ।

ਮਨੀਲਾ ਵਿਖੇ ਡੱਲਸ ਦੀ ਕਾਨਫਰੰਸ ਵਿਚ ਅਖੌਤੀ "ਦਖਨ ਪੂਰਬੀ ਏਸ਼ੀਆ ਦੀ ਸਾਂਝੀ ਰਖਿਆ" ਸਬੰਧੀ ਇਕ ਸੰਧੀ ਉਤੇ ਦਸਖਤ ਕੀਤੇ ਗਏ, ਜਿਸ ਅਨੁਸਾਰ ਇਕ ਜਥੇਬੰਦੀ (ਸੀਟੋ) ਕਾਇਮ ਕੀਤੀ ਗਈ ਜਿਹੜੀ ਅਮਰੀਕਾ, ਬਰਤਾਨੀਆ ਤੇ ਫਰਾਂਸ ਜਹੀਆਂ ਨੌਆਬਾਦਿਆਤੀ ਤਾਕਤਾਂ ਤੇ ਫਿਲੀਪਾਈਨਿਜ਼, ਥਾਈਲੈਂਡ ਤੇ ਪਾਕਿਸਤਾਨ ਜਹੇ ਕਈ ਏਸ਼ੀਆਈ ਦੇਸ਼ਾਂ ਦੀ ਨੁਮਾਇੰਦਗੀ ਕਰਦੀ ਹੈ, ਜਿਹੜੇ ਉਹਨਾਂ ਉਤੇ ਨਿਰਭਰ ਕਰਦੇ ਹਨ । ਇਹ ਸੰਧੀ ਏਸ਼ੀਆ ਵਿਚ ਕੌਮੀ ਆਜ਼ਾਦੀ ਦੀ ਲਹਿਰ ਦਾ ਸਾਹ ਘੁਟਣ ਦੀ ਚਾਹ ਤੋਂ ਉਪਜੀ ਹੈ ਤੇ ਪਰਤੱਖ ਤੌਰ ਤੇ ਇਹਦਾ ਮੁਖ ਨਿਸ਼ਾਨਾ ਚੀਨੀ ਲੋਕ ਰੀਪਬਲਿਕ ਹੈ, ਜਿਸ ਦਾ ਕੌਮਾਂਤਰੀ ਵਕਾਰ ਹਰ ਭਾਂਤ ਦੇ ਪਿਛੇ-ਖਿਚੂ ਅਨਸਰ ਦੇ ਵਿਰੋਧ ਦੇ ਬਾਵਜੂਦ ਵੀ, ਬੇਹੱਦ ਵਧ ਗਿਆ ।

ਇਹ ਸਭ ਕੁਝ ਕੀ ਵਿਖਾਂਦਾ ਹੈ ?

ਇਹ ਵਿਖਾਂਦਾ ਹੈ ਕਿ ਅਜ ਕੌਮਾਂਤਰੀ ਖਿਚਾਉ ਘਟਾਣ ਦੇ ਮੰਤਵ ਨਾਲ ਚੁਕੇ ਗਏ ਹਰ ਕਦਮ ਨੂੰ ਵਧੇਰੇ ਜਾਬਰ ਅਨਸਰਾਂ ਵਲੋਂ ਹਰ ਸੰਭਵ ਮੁਖਾਲਫਤ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਹੜੇ ਖਿਚਾਉ ਨੂੰ ਘਟਾਣ ਵਿਚ ਨਹੀਂ, ਵਧਾਣ ਵਿਚ ਦਿਲਚਸਪੀ ਰਖਦੇ ਹਨ । ਇਸ ਦਾ ਭਾਵ ਇਹ ਹੈ ਕਿ ਵਧੇਰੇ ਜਾਬਰ ਅਨਸਰਾਂ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹਨਾਂ ਦੀਆਂ ਗੋਂਦਾਂ ਦੇ ਖਿਲਾਫ ਸਿਰੜੀ ਘੋਲ ਕਰਨ ਤੋਂ ਸਿਵਾ ਕੌਮਾਂਤਰੀ ਖਿਚਾਉ ਨੂੰ ਘਟਾਇਆ ਨਹੀਂ ਜਾ ਸਕਦਾ, ਤੇ ਇਸ ਲਈ ਨਤੀਜਾ ਇਹ ਨਿਕਲਦਾ ਹੈ ਕਿ ਇਸ ਘੋਲ ਨੂੰ ਮਠਾ ਨਹੀਂ ਪੈਣ ਦੇਣਾ ਚਾਹੀਦਾ ਸਗੋਂ ਇਹਦੇ ਉਲਟ, ਇਹਨੂੰ ਹੋਰ ਵੀ ਪਕੇਰੇ ਇਰਾਦੇ, ਵਧੇਰੀ ਯੋਗਤਾ ਤੇ ਹਠ ਨਾਲ ਚਲਾਣਾ ਚਾਹੀਦਾ ਹੈ।

ਧੁਰ ਪੂਰਬ ਵਿਚ ਵੀ ਅਜੇਹੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜਿਹੜੀਆਂ ਜਾਬਰ ਤਾਕਤਾਂ ਵਲੋਂ ਸਰਗਰਮ ਹੋਣ ਦੇ ਅਜਿਹੇ ਹੋਰ ਜਤਨਾਂ ਦੀਆਂ ਸੂਚਕ ਹਨ, ਜਿਨ੍ਹਾਂ ਦਾ ਮੰਤਵ ਕੌਮਾਂਤਰੀ ਖਿਚਾਓ ਦੇ ਘਟਾ ਨੂੰ ਰੋਕਣਾ ਹੈ।

ਤਾਇਵਾਨ (ਫਾਰਮੂਸਾ) ਤੇ ਹਰ ਚੀਨੀ ਟਾਪੂਆਂ ਦੇ ਇਲਾਕੇ ਵਿਚ ਵਾਪਰਨ ਵਾਲੀਆਂ ਘਟਨਾਵਾਂ ਜੇ ਇਹ ਨਹੀਂ ਤੇ ਕੀ ਵਿਖਾਂ-ਦੀਆਂ ਹਨ?

ਪਿਛਲੇ ਇਤਿਹਾਸ ਵਿਚੋਂ ਵੀ ਸਾਮਰਾਜੀ ਜਬਰ ਦੀਆਂ ਉਸ ਤੋਂ ਵਧੇਰੀਆਂ ਸ਼ਰਮਨਾਕ ਮਿਸਾਲਾਂ ਦੇਣੀਆਂ ਔਖੀਆਂ ਹਨ, ਜੋ ਕੁਝ ਪਿਛਲੇ ਕੁਝ ਸਾਲਾਂ ਤੋਂ ਇਸ ਇਲਾਕੇ ਵਿਚ ਹੋ ਰਿਹਾ ਹੈ।

ਚੀਨ ਦੇ ਨਾਲ ਲਗਵੇਂ ਹੋਰ ਟਾਪੂਆਂ ਦਾ ਤਾਂ ਕਹਿਣਾ ਹੀ ਕੀ ਹੈ। ਤਾਇਵਾਨ ਤੇ ਪੈਂਗਹੂ ਟਾਪੂ ਵੀ ਮੰਨੇ ਪ੍ਰਮੰਨੇ ਚੀਨੀ ਇਲਾਕੇ ਹਨ। ਇਹ ਸੰਨ ੧੯੪੩ ਦੇ ਕਾਹਿਰਾ ਐਲਾਨ ਤੇ ਸੰਨ ੧੯੪੫ ਦੇ ਪੋਸਟਡਮ ਐਲਾਨ ਵਿਚ ਵਿਸ਼ੇਸ਼ ਤੌਰ ਤੇ ਤਸਲੀਮ ਕੀਤਾ ਗਿਆ। ਇਹਨਾਂ ਐਲਾਨਾਂ ਉਤੇ ਅਮ੍ਰੀਕਾ ਤੇ ਬਰਤਾਨੀਆ ਦੋਨਾਂ ਦੇ ਦਸਖਤ ਸਨ। ਇਹਦੇ ਇਲਾਵਾ ਇਸ ਗਲ ਨੂੰ ਹਾਰ ਦੀ ਸੰਧੀ ਵਿਚ ਵੀ ਪੱਕਾ ਕੀਤਾ ਗਿਆ ਜਿਸ ਉਤੇ ਜਾਪਾਨ ਦੇ ਦਸਖ਼ਤ ਸਨ, ਜਿਨ੍ਹੇ ਉਨ੍ਹੀਵੀਂ ਸਦੀ ਦੇ ਅੰਤ ਵਿਚ ਇਹਨਾਂ ਟਾਪੂਆਂ ਉਤੇ ਕਬਜ਼ਾ ਕਰ ਲਿਆ ਸੀ ਤੇ ਜਿਨ੍ਹੇ ਇਸ ਸੰਧੀ ਅਨੁਸਾਰ ਉਹ ਚੀਨ ਨੂੰ ਮੋੜ ਦਿਤੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਸਭ ਕਾਸੇ ਦੇ ਬਾਵਜੂਦ ਵੀ, ਅਮ੍ਰੀਕਾ ਨੇ ਹੁਣ ਇਹਨਾਂ ਟਾਪੂਆਂ ਉਤੇ ਕਬਜ਼ਾ ਜਮਾ ਲਿਆ ਹੈ ਤੇ ਉਹ ਆਪਣੇ ਪੈਸੇ ਨਾਲ ਇਹਨਾਂ ਵਿਚ ਮੁਜਰਮ ਚਿਆਂਗ ਕਾਈ-ਸ਼ੇਕ ਦੇ ਟੋਲੇ ਨੂੰ ਕਾਇਮ ਰਖ ਰਿਹਾ ਹੈ, ਜਿਸ ਨੂੰ ਚੀਨ ਵਿਚੋਂ ਕਢ ਦਿਤਾ ਗਿਆ ਹੈ। ਅਮਰੀਕਾ ਹੁਣ ਚਿਆਂਗ ਕਾਈ-ਸ਼ੇਕ ਦੇ ਭਾੜੇ ਦੇ ਟਟੂਆਂ ਦੀ ਸਹਾਇਤਾ ਨਾਲ ਚੀਨ ਉਤੇ ਹਮਲੇ ਦੀ ਤਿਆਰੀ ਕਰ ਰਿਹਾ ਹੈ। ਪਿਛੇ ਜਹੇ ਤੋਂ ਅਮ੍ਰੀਕਾ ਦਾ ਪਰਧਾਨ ਤੇ ਉਹਦੀ ਕਾਂਗਰਸ ਆਪਣੀ "ਤਾਕਤ ਦੀ ਨੀਤੀ" ਲਈ ਆਪਣੇ ਠਰਕ ਵਿਚ ਏਥੋਂ ਤਕ ਆ ਗਏ ਹਨ ਕਿ ਉਹ ਖੁਲ੍ਹੇ ਆਮ ਚੀਨੀ ਲੋਕਾਂ ਨਾਲ ਜੰਗ ਲਾਣ ਦਾ ਡਰਾਵਾ ਦੇਣ ਲਗ ਪਏ ਹਨ, ਜਿਹੜੇ ਇਹਨਾਂ ਟਾਪੂਆਂ ਉਤੇ ਆਪਣੇ ਹਕ ਨੂੰ ਉਚਾ ਰਖ ਰਹੇ ਹਨ ਤੇ ਹਮਲਾਵਰ ਦੇ ਖ਼ਿਲਾਫ਼ ਆਪਣੀ ਕੌਮੀ ਆਨ ਤੇ ਖ਼ੁਦ-ਮੁਖ਼ਤਾਰੀ ਦੀ ਰਾਖੀ ਕਰ ਰਹੇ ਹਨ।

ਇਸ ਸਵਾਲ ਸਬੰਧੀ ਸੋਵੀਅਤ ਯੂਨੀਅਨ ਦੀ ਪੁਜ਼ੀਸ਼ਨ ਸਪਸ਼ਟ ਤੇ ਪ੍ਰਸਿਧ ਹੈ।

ਅਸੀਂ ਤਾਇਵਾਨ ਨੂੰ ਚੀਨ ਦਾ ਅੰਦਰੂਨੀ ਮਾਮਲਾ ਸਮਝਦੇ ਹਾਂ ਤੇ ਅਮ੍ਰੀਕਾ ਦੇ ਕਬਜ਼ੇ ਤੇ ਡਰਾਵਿਆਂ ਦੇ ਕਾਰਿਆਂ ਨੂੰ ਜਬਰ ਖ਼ਿਆਲ ਕਰਦੇ ਹਾਂ, ਜਿਸ ਦੀ ਇਤਹਾਦੀ ਸਭਾ ਵਲੋਂ, ਜੇ ਇਹਨੂੰ ਆਪਣੇ ਅਧਿਕਾਰ ਤੇ ਸਤਿਕਾਰ ਦੀ ਕਦਰ ਹੋਵੇ, ਬਿਨਾ ਕਿਸੇ ਰਖ ਰਖਾ ਦੇ ਨਿਖੇਧੀ ਹੋਣੀ ਚਾਹੀਦੀ ਹੈ। (ਤਾੜੀਆਂ) ਇਸ ਗਲ ਨੂੰ ਹੁਣ ਹੋਰ ਸਮੇਂ ਲਈ ਬਰਦਾਸ਼ਤ ਕਰਨਾ ਅਸੰਭਵ ਹੈ ਕਿ ਅਜ ਤਕ ਅਮ੍ਰੀਕਾ ਦੇ ਵਿਰੋਧ ਦੇ ਕਾਰਨ ਚੀਨੀ ਲੋਕ ਰੀਪਬਲਿਕ ਨੂੰ ਇਤਹਾਦੀ ਸਭਾ ਵਿਚ ਉਹਦੇ ਕਾਨੂੰਨੀ ਹਕ ਨਹੀਂ ਦਿਤੇ ਗਏ। ਅਮ੍ਰੀਕਾ ਨੂੰ ਤਾਇਵਾਨ ਤੇ ਤਾਇਵਾਨ ਦੀ ਖਾੜੀ ਵਿਚੋਂ ਹਵਾਈ ਤੇ ਸਮੁੰਦਰੀ ਫ਼ੌਜਾਂ ਸਮੇਤ ਸਾਰੀਆਂ ਹਥਿਆਰਬੰਦ ਫ਼ੌਜਾਂ ਨੂੰ ਵਾਪਸ ਬੁਲਾਣਾ ਹੋਏਗਾ। ਫੇਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੜਾਈ ਮੁਕ ਜਾਏਗੀ ਤੇ ਧੁਰ ਪੂਰਬ ਵਿਚ ਅਮਨ ਸਥਾਪਤ ਹੋ ਜਾਏਗਾ ।

(ਤਾੜੀਆਂ)

ਜਦੋਂ ਕਿ ਤਾਇਵਾਨ ਦੇ ਮਾਮਲੇ ਵਿਚ ਅਮ੍ਰੀਕਾ ਦੀ ਪੁਜ਼ੀਸ਼ਨ ਅਮਨ ਨੂੰ ਖਤਰੇ ਵਿਚ ਪਾਣ ਤੇ ਕੌਮਾਂਤਰੀ ਖਿਚਾਓ ਨੂੰ ਵਧਾਣ ਦੀ ਰੁਚੀ ਰਖਦੀ ਹੈ, ਸੋਵੀਅਤ ਯੂਨੀਅਨ ਦਾ ਵਤੀਰਾ, ਏਥੇ ਵੀ, ਕੌਮਾਂਤਰੀ ਖਿਚਾਓ ਘਟਾਣ ਤੇ ਧੁਰ ਪੂਰਬ ਵਿਚ ਅਮਨ ਕਾਇਮ ਕਰਨ ਦੇ ਹਕ ਵਿਚ ਜਾਂਦਾ ਹੈ ।

ਇਸ ਵਿਚ ਕੋਈ ਸ਼ਕ ਨਹੀਂ ਕਿ ਕੌਮਾਂਤਰੀ ਖਿਚਾਓ ਵਿਚ ਘਟਾ, ਜੋ ਸਾਡੇ ਮਨ ਵਿਚ ਹੈ, ਕਿਸੇ ਇਕ ਮੁਲਕ ਜਾਂ ਕਿਸੇ ਇਕ ਕੌਮ ਦੀ ਆਜ਼ਾਦੀ ਜਾਂ ਕੌਮੀ ਹਕਾਂ ਦਾ ਨਾਸ ਕਰ ਕੇ ਜਾਂ ਉਹਨਾਂ ਉਤੇ ਪਾਬੰਦੀ ਲਾ ਕੇ ਨਹੀਂ, ਸਗੋਂ ਉਹਨਾਂ ਦੀ ਜ਼ਾਮਨਤ ਦੇ ਕੇ ਤੇ, ਜੇ ਸੰਭਵ ਹੋਵੇ, ਇਹਨਾਂ ਜਮਹੂਰੀ ਹਕਾਂ ਨੂੰ ਤਕੜਾ ਕਰ ਕੇ ਲਿਆਇਆ ਜਾਂਦਾ ਹੈ, ਕਿਉਂ ਜੋ ਅਜੇਹਾ ਕਰਨਾ ਦੇਸਾਂ ਤੇ ਕੌਮਾਂ ਦੀ ਉੱਨਤੀ ਲਈ ਲੋੜੀਂਦਾ ਹੈ ।

ਏਸ਼ੀਆ ਵਿਚਲੀਆਂ ਇਹ ਘਟਨਾਵਾਂ ਅਹਿਮ ਹਨ, ਪਰ ਇਹ ਨਹੀਂ ਸੋਚਣਾ ਚਾਹੀਦਾ ਕਿ ਯੂਰਪ ਅੰਦਰਲੀ ਹਾਲਤ ਨੂੰ ਪਿਛਾੜੀ ਸੁਟਿਆ ਜਾ ਸਕਦਾ ਹੈ ।

ਹਾਲਤ ਦੀ ਗੰਭੀਰਤਾ ਦਾ ਅਹਿਸਾਸ ਕਰਨ ਲਈ ਸਿਰਫ ਪੈਰਿਸ ਸਮਝੌਤਿਆਂ ਨੂੰ ਹੀ ਚੇਤੇ ਕਰਨਾ ਕਾਫੀ ਹੈ ।

ਇਹ ਸਾਬਤ ਕਰਨ ਦੀ ਲੋੜ ਨਹੀਂ ਕਿ ਜਰਮਨ ਮਸਲਾ ਯੋਰਪ ਦੇ ਜੰਗ-ਮਗਰਲੇ ਸਾਰੇ ਮਸਲਿਆਂ ਦਾ ਧੁਰਾ ਹੈ । ਤੁਸੀਂ ਆਖੋਗੇ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਦੇ ਦਸ ਸਾਲ ਜਰਮਨ ਮਸਲੇ ਦੇ ਨਿਪਟਾਰੇ ਲਈ ਸਾਫ਼ ਤੇ ਸਪੱਸ਼ਟ ਰਾਹ ਦੇ ਸਾਧਨ ਲਭਣ ਲਈ ਕਾਫ਼ੀ ਸਮਾਂ ਸਾਬਤ ਹੋਣਾ ਚਾਹੀਦਾ ਸੀ, ਪਰ ਇੰਜ ਨਾ ਹੋਇਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੰਗ ਦੇ ਦੌਰਾਨ ਵਿਚ ਤੇ ਜੰਗ ਤੋਂ ਇਕ ਦਮ ਪਿਛੋਂ ਦੇ ਸਮੇਂ ਵਿਚ, ਹਿਟਲਰ-ਵਿਰੋਧੀ ਗਠ-ਜੋੜ ਦੇ ਸਾਰੇ ਮੁਲਕਾਂ ਦੀ ਰਾਇ ਇਕ ਸੀ ਕਿ ਉਹਨਾਂ ਦਾ ਮੁਖ ਸਾਂਝਾ ਕੰਮ ਇਸ ਗਲ ਨੂੰ ਯਕੀਨੀ ਬਣਾਉਣਾ ਹੈ ਕਿ ਜਰਮਨੀ ਇਕ ਇਕ-ਮੁਠ ਪੁਰ ਅਮਨ ਤੇ ਜਮਹੂਰੀ ਮੁਲਕ ਦੇ ਤੌਰ ਤੇ ਉੱਨਤ ਹੋਏ। ਪਰ ਜੰਗੋਂ ਮਗਰਲੇ ਉੱਕਾ ਪਹਿਲੇ ਵਰ੍ਹਿਆਂ ਵਿਚ ਹੀ ਇਹ ਸਾਫ਼ ਹੋ ਗਿਆ ਕਿ ਇਹ ਸਾਰੇ ਮੁਲਕ ਇਸ ਨਿਸ਼ਾਨੇ ਦੀ ਪੂਰਤੀ ਲਈ ਕੰਮ ਨਹੀਂ ਕਰ ਰਹੇ। ਸੋਵੀਅਤ ਯੂਨੀਅਨ ਸਮੇਤ ਕੁਝ ਮੁਲਕਾਂ ਲਈ ਇਹ ਗਲ ਜਰਮਨ ਸਵਾਲ ਸਬੰਧੀ ਉਨ੍ਹਾਂ ਦੀ ਨੀਤੀ ਦਾ ਆਧਾਰ ਸੀ ਤੇ ਹੈ। ਦੂਜਿਆਂ ਲਈ ਇਹ ਸਿਰਫ਼ ਲੰਮੀ ਚੌੜੀ ਫ਼ਿਕਰੇਬਾਜ਼ੀ ਹੀ ਸੀ, ਜਿਸ ਉਤੇ ਉਹਨਾਂ ਆਪਣੇ ਦਸਖ਼ਤ ਕਰ ਦਿਤੇ ਸਨ, ਤੇ ਉਹਨਾਂ ਦੀ ਆਪਣੇ ਦਸਖ਼ਤਾਂ ਵਾਲੇ ਸਮਝੌਤਿਆਂ ਨੂੰ ਸਿਰੇ ਚੜ੍ਹਾਣ ਦੀ ਕੋਈ ਖਾਸ ਮਰਜ਼ੀ ਨਹੀਂ ਸੀ।

ਸੋਵੀਅਤ ਯੂਨੀਅਨ ਯਾਲਟਾ ਤੇ ਪੋਸਟਡਮ ਵਿਚ ਹੋਏ ਕੌਮਾਂਤਰੀ ਸਮਝੌਤਿਆਂ ਦੇ ਬੁਨਿਆਦੀ ਮਨੋਰਥ ਨੂੰ ਸਿਰੇ ਚੜ੍ਹਾਨ ਦੇ ਹਕ ਵਿਚ ਸੀ ਤੇ ਹੁਣ ਵੀ ਹੈ। ਸਾਡਾ ਇਸ਼ਾਰਾ ਸਮਝੋਤਿਆਂ ਦੇ ਇਸ ਜਾਂ ਓਸ ਪੈਰੇ ਵਲ ਨਹੀਂ। ਉਹਨਾਂ ਵਿਚੋਂ ਬਹੁਤਿਆਂ ਦੀ ਹੁਣ ਕਿਸੇ ਨੂੰ ਲੋੜ ਨਹੀਂ ਰਹੀ ਕਿਉਂਕਿ ਘਟਨਾਵਾਂ, ਚਿਰ ਹੋਇਆ, ਉਹਨਾਂ ਤੋਂ ਅਗੇਰੇ ਨਿਕਲ ਗਈਆਂ ਹਨ। ਫੇਰ ਵੀ ਇਹਨਾਂ ਅੱਤ ਅਹਿਮ ਕੌਮਾਂਤਰੀ ਸਮਝੌਤਿਆਂ ਵਿਚ ਤਰਤੀਬਿਆ ਗਿਆ ਬੁਨਿਆਦੀ ਮਸਲਾ—ਇਕ ਸੱਚੇ ਤੌਰ ਤੇ ਅਮਨ-ਸਨੇਹੀ ਤੇ ਜਮਹੂਰੀ ਜਰਮਨੀ ਦੀ ਏਕਤਾ ਦੀ ਬਹਾਲੀ ਦੀ ਮਸਲਾ—ਜੇ ਸਾਨੂੰ ਯੋਰਪੀ ਕੌਮਾਂ ਦੇ ਅਮਨ ਤੇ ਆਜ਼ਾਦੀ ਦੀ ਕਦਰ ਹੋਵੇ, ਏਜੰਡੇ ਤੋਂ ਨਹੀਂ ਹਟਾਇਆ ਜਾ ਸਕਦਾ। ਇਹ ਮਸਲਾ ਓਦੋਂ ਤਕ ਰਹੇਗਾ, ਜਦੋਂ ਤਕ ਇਹ ਇਸ ਤਰ੍ਹਾਂ ਨਹੀਂ ਨਜਿਠਿਆ ਜਾਂਦਾ ਕਿ ਯੋਰਪ ਵਿਚ ਅਮਨ ਦੀ ਸਥਾਪਤੀ ਵਿਚ ਵਾਧਾ ਹੋਏ ਤੇ ਨਾਲ ਹੀ, ਇਕ ਇਕ-ਮੁਠ ਤੇ ਜਮਹੂਰੀ ਜਰਮਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੇ ਕੌਮੀ ਪੁਨਰ ਜਨਮ ਦੀ ਯੋਗ ਅਵਸਥਾ ਪੈਦਾ ਕਰੇ। ਜਰਮਨ ਕੌਮ ਦੀਆਂ ਵਧ ਰਹੀਆਂ ਤੇ ਫੈਲ ਰਹੀਆਂ ਅਮਨ-ਸਨੇਹੀ ਤਾਕਤਾਂ ਨੂੰ ਅਮਨ ਜਮਹੂਰੀ ਰੀਪਬਲਿਕ ਦੀ ਭਰੋਸੇ ਯੋਗ ਹਮਾਇਤ ਪਰਾਪਤ ਹੈ, ਜਿਹੜੀ ਜਰਮਨੀ ਦੀ ਮੁੜ-ਏਕਤਾ ਦੇ ਪੱਕੀ ਤਰ੍ਹਾਂ ਹਕ ਵਿਚ ਹੈ।

(ਤਾੜੀਆਂ)

ਪੈਰਿਸ ਸਮਝੌਤਿਆਂ ਨੂੰ ਇਸ ਰੌਸ਼ਨੀ ਵਿਚ ਵਿਚਾਰਨਾ ਚਾਹੀਦਾ ਹੈ।

ਪਰ ਰੱਦ ਹੋ ਚੁਕੀ "ਯੋਰਪੀ ਰਖਿਆ ਬਰਾਦਰੀ" ਦੀ ਸਕੀਮ ਤੇ ਪੈਰਿਸ ਸਮਝੌਤੇ, ਅੰਤਮ ਨਿਰਨੇ ਵਿਚ, ਦੋਵੇਂ ਇਕੋ ਹੀ ਚੀਜ਼ ਹਨ : ਦੋਵੇਂ ਪਛਮੀ ਜਰਮਨੀ ਵਿਚ ਜਰਮਨ ਫੌਜਸ਼ਾਹੀ ਦੇ ਮੁੜ-ਉਭਾਰ ਤੇ ਮੁੜ-ਹਥਿਆਰਬੰਦ ਹੋਏ ਪਛਮੀ ਜਰਮਨੀ ਦੀ ਪਛਮੀ ਮੁਲਕਾਂ ਦੇ ਜਾਬਰ ਫੌਜੀ ਗਠ-ਜੋੜਾਂ ਵਿਚ ਸਮਾਈ ਦਾ ਰਾਹ ਸਾਫ ਕਰਦੇ ਹਨ। ਉਹਨਾਂ ਵਿਚਲਾ ਫਰਕ ਬਹੁਤ ਵਡਾ ਨਹੀਂ : ਪਹਿਲੋਂ ਪਛਮੀ ਜਰਮਨ ਫ਼ੌਜ ਨੂੰ ਅਖੌਤੀ "ਯੋਰਪੀ ਫੌਜ" ਵਿਚ ਸਮਾਉਣ ਦਾ ਸੁਝਾਉ ਸੀ; ਪੈਰਿਸ ਸਮਝੌਤੇ ਇਹਨੂੰ ਇਕ "ਪਛਮੀ ਯੋਰਪੀ ਫੌਜ" ਵਿਚ ਸਮਾਉਣ ਦੀ ਤਜਵੀਜ਼ ਰਖਦੇ ਹਨ, ਇਕ ਛੇ ਹੈ ਤੇ ਦੂਜੀ ਅਧੀ ਦਰਜਨ। (ਹਾਸਾ ਤੇ ਤਾੜੀਆਂ)

ਇਹ ਸਾਰਾ ਕੁਝ ਉਹਨਾਂ ਕੌਮਾਂਤਰੀ ਸਮਝੌਤਿਆਂ ਦੀ ਸਿਧੀ ਉਲੰਘਣਾ ਕਰ ਕੇ ਕੀਤਾ ਜਾ ਰਿਹਾ ਹੈ, ਜਿਨ੍ਹਾਂ ਉਤੇ ਚਾਰ ਵਡੀਆਂ ਤਾਕਤਾਂ ਦੇ ਦਸਖਤ ਹਨ ਤੇ ਜਿਨ੍ਹਾਂ ਦਾ ਮੰਤਵ ਜਰਮਨ ਫੌਜਸ਼ਾਹੀ ਦੇ ਮੁੜ-ਉਭਾਰ ਨੂੰ ਰੋਕਣਾ ਹੈ। ਇਹ ਐਂਗਲੋ-ਸੋਵੀਅਤ ਤੇ ਫਰਾਂਸੀਸੀ-ਸੋਵੀਅਤ ਸੰਧੀਆਂ ਦੀ ਸ਼ੰਗੀਨ ਉਲੰਘਣਾ ਹੈ, ਜਿਨ੍ਹਾਂ ਅਨੁਸਾਰ ਬਰਤਾਨੀਆ ਤੇ ਫਰਾਂਸ ਨੇ ਸੋਵੀਅਤ ਯੂਨੀਅਨ ਨਾਲ ਰਲ ਕੇ ਹਮਲਾਵਰੀ ਦੇ ਫਿਰ ਪੈਦਾ ਹੋਣ ਦੀ ਸੰਭਾਵਨਾ ਨੂੰ ਮੁਢੋਂ ਹੀ ਮੁਕਾਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਸਾਂਝੀਆਂ ਕਾਰਵਾਈਆਂ ਕਰਨ ਦੇ ਪ੍ਰਣ ਲਏ ਤੇ ਨਾਲ ਇਹ ਵੀ ਇਕਰਾਰ ਕੀਤਾ ਕਿ ਉਹ ਉਹਨਾਂ ਫੌਜੀ ਗਠ ਜੋੜਾਂ ਵਿਚ ਰਲੀਆਂ ਧਿਰਾਂ ਨਹੀਂ ਬਣਨਗੇ, ਜਿਹੜੇ ਸੋਵੀਅਤ ਯੂਨੀਅਨ ਦੇ ਖਿਲਾਫ ਖੜੇ ਕੀਤੇ ਗਏ ਹੋਣਗੇ। ਅਮਰੀਕਾ, ਬਰਤਾਨੀਆ ਤੇ ਫਰਾਂਸ ਉਹਨਾਂ ਮੁਖ ਕੌਮਾਂਤਰੀ ਸਮਝੌਤਿਆਂ ਤੇ ਸੰਧੀਆਂ ਦਾ ਅਪਮਾਣ ਕਰਕੇ, ਜਿਹੜੀਆਂ ਉਹਨਾਂ ਸੋਵੀਅਤ ਯੂਨੀਅਨ ਨਾਲ ਰਲ ਕੇ ਕੀਤੀਆਂ, ਪੈਰਿਸ ਸਮਝੌਤਿਆਂ ਦੀ ਪ੍ਰਵਾਨਗੀ ਦੀ ਤੁਰਤ ਪਰਾਪਤੀ ਤੇ ਉਹਨਾਂ ਉਪਰ ਛੇਤੀ ਅਮਲ ਕਰਾਉਣ ਲਈ ਆਪਣੀ ਸਾਰੀ ਵਾਹ ਲਾ ਰਹੇ ਹਨ।

ਯੋਰਪੀ ਪਾਰਲੀਮੈਂਟਾਂ ਵਿਚ ਪੈਰਿਸ ਸਮਝੌਤਿਆਂ ਦੀ ਪਰਵਾਨਗੀ ਨੂੰ ਘਟੋ ਘਟ ਨਿਰ-ਵਿਘਨ ਨਹੀਂ ਕਿਹਾ ਜਾ ਸਕਦਾ।

ਇਹ ਕਹਿਣਾ ਹੀ ਕਾਫੀ ਹੈ ਕਿ ਸਾਰੇ ਬਾਹਰਲੇ ਦਬਾਉ ਤੇ ਅਮਰੀਕਾ ਵਲੋਂ ਉਹਨਾਂ ਲੋਕਾਂ ਨੂੰ ਦਿਤੇ ਗਏ ਕੁਲ ਡਰਾਵਿਆਂ ਦੇ ਬਾਵਜੂਦ ਜਿਹੜੇ ਪੈਰਿਸ ਸਮਝੌਤਿਆਂ ਦੀ ਜ਼ਰੂਰਤ ਵਿਚ ਵਿਸ਼ਵਾਸ ਨਹੀਂ ਰਖਦੇ, ਫਰਾਂਸੀਸੀ ਪਾਰਲੀਮੈਂਟ ਦੀ ਸਿਰਫ ਇਕ ਘਟ-ਗਿਣਤੀ ਨੇ ਹੀ ਇਹਨਾਂ ਨੂੰ ਸਵੀਕਾਰ ਕਰਨ ਦੇ ਹਕ ਵਿਚ ਵੋਟ ਪਾਏ। ਬਰਤਾਨਵੀ ਪਾਰਲੀਮੈਂਟ ਵਿਚ ਵੀ ਮੈਂਬਰਾਂ ਦੀ ਸਿਰਫ ਇਕ ਘਟ-ਗਿਣਤੀ ਨੇ ਹੀ ਪੈਰਿਸ ਸਮਝੌਤਿਆਂ ਦੇ ਹਕ ਵਿਚ ਵੋਟ ਦੇਣੇ ਮੰਨੇ। ਜਿਵੇਂ ਕਿ ਅਸੀਂ ਜਾਣਦੇ ਹਾਂ, ਲੇਬਰ ਪਾਰਟੀ ਦੇ ਮੈਂਬਰਾਂ ਨੇ ਵੋਟਾਂ ਵਿਚ ਉੱਕਾ ਹਿਸਾ ਹੀ ਨ ਲਿਆ। ਖੁਟ ਪਛਮੀ ਜਰਮਨੀ ਵਿਚ, ਸਾਰੀਆਂ ਵਡੀਆਂ ਮਜ਼ਦੂਰ-ਸਭਾਵਾਂ ਤੇ ਮਜ਼ਦੂਰ-ਜਮਾਤ ਦੀਆਂ ਰਾਜਸੀ ਜਨਤਕ ਜਥੇਬੰਦੀਆਂ ਪੈਰਿਸ ਸਮਝੌਤਿਆਂ ਤੇ ਮੁੜ ਹਥਿਆਰਬੰਦੀ ਦੀਆਂ ਦਰਿੜ੍ਹ ਵਿਰੋਧੀ ਹਨ ਕਿਉਂਕਿ ਸੁਭਾਵਿਕ ਹੈ ਕਿ ਜਰਮਨ ਲੋਕ ਦੋ ਸੰਸਾਰ-ਜੰਗਾਂ ਦੇ ਭਿਆਨਕ

CC-0. In Public Domain. Gurukul Kangri Collection, Haridwar

ਗੁਰੁਕੁਲ ਕਾਂਗੜੀ

Digitized by Arya Samaj Foundation Chennai and eGangotri

ਸਿਟਿਆਂ ਨੂੰ ਨਹੀਂ ਭੁਲ ਸਕਦੇ । ਇਸ ਤੋਂ ਜਰਮਨ ਲੋਕਾਂ ਦੀ ਬਹੁ-ਗਿਣਤੀ ਦੇ ਸੱਚੇ ਜਜ਼ਬੇ ਦਾ ਕਿਸੇ ਹਦ ਤਕ ਅੰਦਾਜ਼ਾ ਲਗ ਸਕਦਾ ਹੈ ।

ਇਹ ਵੇਖਦੇ ਹੋਏ ਕਿ ਉਹ ਬਾਹਰੋਂ ਠੋਂਸੇ ਜਾ ਰਹੇ ਹਨ ਤੇ ਯੋਰਪ ਦੀਆਂ ਕੌਮਾਂ ਵਲੋਂ ਨਿੰਦੇ ਤੇ ਰੱਦੇ ਗਏ ਹਨ, ਪੈਰਸ ਸਮਝੌਤਿਆਂ ਦੀ ਕੀ ਕੀਮਤ ਹੋ ਸਕਦੀ ਹੈ ?

ਫੇਰ ਵੀ ਸਾਨੂੰ ਉਹਨਾਂ ਮਾਰੂ ਤੇ ਓੜਕਾਂ ਦੇ ਖਤਰਨਾਕ ਸਿਟਿਆਂ ਦੀ ਮਹੱਤਤਾ ਘਟਾ ਕੇ ਨਹੀਂ ਵੇਖਣੀ ਚਾਹੀਦੀ, ਜਿਹੜੇ ਪੈਰਿਸ ਸਮਝੌਤਿਆਂ ਦੇ ਪਰਵਾਨ ਹੋ ਜਾਣ ਤੇ ਸਿਰੇ ਚੜ੍ਹਾਏ ਜਾਣ ਦੀ ਹਾਲਤ ਵਿਚ ਨਿਕਲਣਗੇ ।

ਪੈਰਿਸ ਸਮਝੌਤਿਆਂ ਦੀ ਪਰਵਾਨਗੀ ਯੋਰਪ ਦੀਆਂ ਕੌਮਾਂ ਲਈ ਖਤਰਨਾਕ ਹੋਏਗੀ ਕਿਉਂਕਿ ਉਹਨਾਂ ਦਾ ਮੰਤਵ ਅਮਨ ਕਾਇਮ ਕਰਨਾ ਨਹੀਂ ਸਗੋਂ ਜੰਗ ਲਾਉਣੀ ਹੈ । ਕੀ "ਤਾਕਤ ਦੀ ਨੀਤੀ" ਦੇ ਪਰਚਾਰਕਾਂ ਵਿਚ ਮਾਅਰਕੇਬਾਜ਼ਾਂ ਦੀ ਘਾਟ ਹੈ, ਜਿਹੜੇ ਪਛਮੀ ਜਰਮਨੀ ਦੇ ਅੰਨ੍ਹੇ ਬਦਲਾ-ਲਊਆਂ ਤੇ ਫੌਜ ਸ਼ਾਹਾਂ ਨਾਲ ਇਕ ਹੋਣ ਲਈ ਏਨੇ ਉਤਾਵਲੇ ਹੋ ਰਹੇ ਹਨ ।

ਇਸ ਹਕੀਕਤ ਨੂੰ ਵੀ ਅਖੋਂ ਉਹਲੇ ਨਹੀਂ ਕਰਨਾ ਚਾਹੀਦਾ ਕਿ ਪੈਰਿਸ ਸਮਝੌਤਿਆਂ ਦੀ ਪਰਵਾਨਗੀ ਜਰਮਨ ਲੋਕਾਂ ਦੇ ਕੌਮੀ ਹਿਤਾਂ ਨੂੰ ਕਾਰੀ ਸੱਟ ਲਾਏਗੀ ।

ਜੇ ਪੈਰਿਸ ਸਮਝੌਤਿਆਂ ਦੀ ਪਰਵਾਨਗੀ ਹੋ ਗਈ ਤਾਂ ਉਹ ਜਰਮਨ ਮਸਲੇ ਦੇ ਨਿਪਟਾਰੇ ਦੇ ਰਾਹ ਵਿਚ ਮੁਖ ਰੋਕ ਬਣ ਜਾਣਗੇ । ਉਹ ਲੰਮੇ ਸਮੇਂ ਲਈ ਜਰਮਨੀ ਦੀ ਮੁੜ-ਏਕਤਾ ਨੂੰ ਅਸੰਭਵ ਬਣਾ ਦੇਣਗੇ । ਪਛਮੀ ਜਰਮਨ ਦੇ ਮੁੜ ਹਥਿਆਰਬੰਦ ਹੋ ਜਾਣ ਤੇ ਇਕ ਫੌਜ ਸ਼ਾਹੀ ਮੁਲਕ ਵਿਚ ਬਦਲੇ ਜਾਣ ਪਿਛੋਂ ਜਰਮਨੀ ਦੇ ਇਸ

CC-0. In Public Domain. Gurukul Kangri Collection, Haridwar

ਭਾਗ ਨੂੰ ਪੂਰਬੀ ਭਾਗ ਨਾਲ—ਅਮਨ ਸਨੇਹੀ ਅਮਨ-ਜ਼ਮਹੂਰੀ
Digitized by Arya Samaj Foundation Chennai and eGangotri
ਰੀਪਬਲਿਕ ਨਾਲ—ਜੋੜਨਾ ਅਸੰਭਵ ਹੋ ਜਾਏਗਾ। ਇਹ ਗਲ ਖੂਬ ਪਰਚਾਰੀ ਜਾ ਰਹੀ ਹੈ। ਪੈਰਿਸ ਸਮਝੌਤਿਆਂ ਦੀ ਪਰਵਾਨਗੀ ਜਰਮਨੀ ਦੀ ਮੁੜ-ਏਕਤਾ ਸਬੰਧੀ ਸਫਲ ਗਲ ਬਾਤ ਦੇ ਰਾਹ ਵਿਚ ਰੁਕਾਵਟ ਨਹੀਂ ਬਣੇਗੀ। ਇਸ ਤਰ੍ਹਾਂ ਦੇ ਝੂਠੇ ਪਰਚਾਰ ਦਾ ਇਕੋ ਇਕ ਨਿਸ਼ਾਨਾ ਇਨ੍ਹਾਂ ਸਮਝੌਤਿਆਂ ਨੂੰ ਪਾਰਲੀਮੈਂਟ ਤੋਂ ਧਕ ਧਕਾ ਕੇ ਪਾਸ ਕਰਾਣਾ ਤੇ ਇਸ ਮੰਤਵ ਲਈ ਜਨ-ਸਾਧਾਰਨ ਨੂੰ ਕੁਰਾਹੇ ਪਾਣ ਤੇ ਧੋਖਾ ਦੇਣ ਲਈ ਹਰ ਵਸੀਲੇ ਨੂੰ ਵਰਤਣਾ ਹੈ।

ਇਸ ਦੇ ਉਲਟ ਪੈਰਿਸ ਸਮਝੌਤਿਆਂ ਦੇ ਰੱਦ ਹੋਣ ਨਾਲ ਤੇ ਚਾਰ ਤਾਕਤਾਂ—ਫਰਾਂਸ, ਬਰਤਾਨੀਆ, ਅਮਰੀਕਾ ਤੇ ਸੋਵੀਅਟ ਯੂਨੀਅਨ—ਵਿਚਕਾਰ ਸਮਝੌਤਾ ਹੋ ਜਾਣ ਨਾਲ ਸੰਭਵ ਹੋ ਜਾਏਗਾ ਕਿ ਏਸੇ ਸਾਲ ਅੰਦਰ ਹੀ ਪੁਰਅਮਨ ਤੇ ਜਮਹੂਰੀ ਬੁਨਿਆਦਾਂ ਦੇ ਆਧਾਰ ਤੇ ਜਰਮਨੀ ਦੀ ਮੁੜ-ਏਕਤਾ ਦੇ ਮੰਤਵ ਨਾਲ ਆਜ਼ਾਦ ਕੁਲ-ਜਰਮਨ ਚੋਣਾਂ ਕਰਾਈਆਂ ਜਾ ਸਕਣ। ੧੫ ਜਨਵਰੀ ਨੂੰ ਜਰਮਨ ਸਵਾਲ ਸਬੰਧੀ ਸੋਵੀਅਟ ਹਕੂਮਤ ਦੇ ਬਿਆਨ ਦਾ ਆਸ਼ਾ ਇਹੋ ਸੀ।

ਫਰਾਂਸੀਸੀਆਂ, ਬੈਲਜੀਅਮਾਂ ਤੇ ਨਾਰਵੇ-ਵਾਸੀਆਂ ਨੂੰ ਕਿਹਾ ਗਿਆ ਹੈ ਕਿ ਜਰਮਨ ਫੌਜੀ ਮਸ਼ੀਨ ਦੀ ਮੁੜ-ਉਸਾਰੀ ਮਿਥਣ ਵਾਲੇ ਪੈਰਿਸ ਸਮਝੌਤੇ ਉਹਨਾਂ ਦੀ ਸੁਰਖਿਆ ਲਈ ਜ਼ਰੂਰੀ ਹਨ।

ਉਹਨਾਂ ਨੂੰ ਬੇਈਮਾਨੀ ਤੇ ਧੋਖੇ ਨਾਲ ਇਹ ਵਿਸ਼ਵਾਸ ਕਰਾਇਆ ਜਾ ਰਿਹਾ ਹੈ ਕਿ ਸੋਵੀਅਟ ਯੂਨੀਅਨ ਤੇ ਲੋਕ-ਜਮਹੂਰੀਅਤਾਂ ਪਛਮੀ ਯੋਰਪੀ ਕੌਮਾਂ ਦੀ ਸੁਰਖਿਆ ਲਈ ਖਤਰਾ ਬਣੀਆਂ ਹੋਈਆਂ ਹਨ। ਇਸ ਚੀਜ਼ ਦੇ ਲਗਾਤਾਰ ਦਾਅਵੇ ਕਰਨ

CC-0. In Public Domain. Gurukul Kangri Collection, Haridwar

ਵਾਲਿਆਂ ਨੂੰ ਪਤਾ ਹੈ ਕਿ ਇਹ ਸਾਡੇ ਅਮਨ-ਸਨੇਹੀ ਦੇਸ਼ ਤੇ ਲੋਕ-
Digitized by Arya Samaj Foundation Chennai and eGangotri
ਜਮਹੂਰੀ ਮੁਲਕਾਂ ਵਿਰੁਧ ਬਦਨਾਮ ਤੇ ਗੰਦੀ ਊਜ ਹੈ, ਪਰ ਜਾਬਰ ਹਮਲੇ ਦੀ ਨੀਤੀ ਦੇ ਵਕੀਲਾਂ ਹੇਠ ਤਕੜੀਆਂ ਸਰਮਾਏਦਾਰ ਅਖਬਾਰਾਂ ਤੇ ਅਨ-ਗਿਣਤ ਬਰਾਡਕਾਸਟਿੰਗ ਸਟੇਸ਼ਨ ਹਨ, ਜਿਹੜੇ ਸਵੇਰ ਤੋਂ ਲੈ ਕੇ ਸ਼ਾਮ ਤੀਕ ਡੰਡ ਪਾਉਂਦੇ ਰਹਿੰਦੇ ਹਨ; ਮੁਲਕ ਦਾ ਸਾਰਾ ਢਾਂਚਾ ਤੇ ਸਰਮਾਏ ਦੇ ਭਾੜੇ ਦੇ ਏਜੰਟਾਂ ਦੀ ਇਕ ਫੌਜ ਉਹਨਾਂ ਦੇ ਅਧੀਨ ਹੈ, ਜਿਨ੍ਹਾਂ ਦੀ ਪੱਤ ਤੇ ਜ਼ਮੀਰ ਵਿਕਾਊ ਹੈ ਤੇ ਜਿਹੜੇ ਦਿਨੇ ਰਾਤ ਹਰ ਕਿਸਮ ਦੇ ਸੋਵੀਅਟ-ਵਿਰੋਧੀ ਝੂਠ ਤੇ ਤੁਹਮਤਾਂ ਧੁਮਾਂਦੇ ਰਹਿੰਦੇ ਹਨ ਤੇ ਉਹ ਇਹ ਸਭ ਕੁਝ ਹੋਰ ਵੀ ਬੇਈਮਾਨੀ ਤੇ ਬੇਸ਼ਰਮੀ ਨਾਲ ਕਰਦੇ ਹਨ ਕਿਉਂਕਿ ਉਹਨਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਉਹਨਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲਦੀ ਜਾ ਰਹੀ ਹੈ।

(ਉਤਸ਼ਾਹ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੩. ਅਮਨ ਤੇ ਸਾਂਝੀ ਸੁਰੱਖਿਆ ਲਈ ਸੋਵੀਅਤ ਯੂਨੀਅਨ ਦੇ ਜਤਨ

ਕੋਈ ਵੀ ਤੁਹਮਤਾਂ ਤੇ ਝੂਠੀਆਂ ਕੂੜ-ਕਹਾਣੀਆਂ ਲੋਕਾਂ ਤੋਂ ਲੁਕਾ ਨਹੀਂ ਸਕਦੀਆਂ ਕਿ ਸੋਵੀਅਤ ਯੂਨੀਅਨ ਯੋਰਪ ਵਿਚ ਅਮਨ ਤੇ ਸਾਂਝੀ ਸੁਰਖਿਆ ਲਈ ਲਗਾਤਾਰ ਕੰਮ ਕਰ ਰਿਹਾ ਹੈ।

ਹਰ ਕੋਈ ਸੋਵੀਅਤ ਯੂਨੀਅਨ ਦੇ ਉਸ ਸੰਧੀ ਦੇ ਖਰੜੇ ਤੋਂ ਜਾਣੂੰ ਹੈ, ਜਿਸ ਦਾ ਨਿਸ਼ਾਨਾ ਸਾਰੀਆਂ ਯੋਰਪੀ ਕੌਮਾਂ ਦੀ ਸਾਂਝੀ ਸੁਰੱਖਿਆ ਹੈ, ਭਾਵੇਂ ਉਹਨਾਂ ਦੇ ਸਮਾਜੀ ਤੇ ਰਾਜਸੀ ਨਜ਼ਾਮ ਕਿੰਨੇ ਹੀ ਵਖਰੇ ਕਿਉਂ ਨਾ ਹੋਣ। ਇਸ ਸੰਧੀ ਨੂੰ ਕਿੰਨੇ ਹੀ ਯੋਰਪੀ ਮੁਲਕਾਂ ਦੀ ਹਮਾਇਤ ਮਿਲੀ ਤੇ ਸਾਰੇ ਦੇਸਾਂ ਵਿਚ ਇਹਦਾ ਨਿਘਾ ਹੁੰਗਾਰਾ ਭਰਿਆ ਗਿਆ ਹੈ। ਇਹਨਾਂ ਦੇਸਾਂ ਵਿਚ ਉਹ ਦੇਸ ਵੀ ਸ਼ਾਮਲ ਹਨ—ਜਿਨ੍ਹਾਂ ਦੇ ਹਾਕਮ ਹਲਕੇ ਸੋਵੀਅਤ ਯੂਨੀਅਨ ਦੀਆਂ ਸਾਂਝੀ ਸੁਰਖਿਆ ਦੀਆਂ ਤਜਵੀਜ਼ਾਂ ਨੂੰ ਦਬਾ ਲੈਣ ਦੀਆਂ ਕੋਸ਼ਸ਼ਾਂ ਕਰਦੇ ਹਨ ਤੇ ਅਕਸਰ ਇਹਨਾਂ ਦੇ ਭਾਵ ਤੇ ਆਸ਼ੇ ਨੂੰ ਸਿਧੇ ਤੌਰ ਤੇ ਮੋੜ ਤੋੜ ਕੇ ਪੇਸ਼ ਕਰਦੇ ਹਨ।

ਸੋਵੀਅਤ ਯੂਨੀਅਨ ਨੇ ਆਖਿਆ ਹੈ ਕਿ ਉਹ ਸਾਂਝੀ ਯੋਰਪੀ ਸੁਰੱਖਿਆ ਦੀ ਕਿਸੇ ਵੀ ਹੋਰ ਤਜਵੀਜ਼ਾਂ ਉਤੇ ਵਿਚਾਰ ਕਰਨ ਲਈ ਸਦਾ ਤਿਆਰ ਹੈ। ਇਸ ਮੰਤਵ ਲਈ ਇਹਨੇ ਸੁਝਾਓ ਰਖਿਆ ਕਿ ਇਕ ਯੋਰਪੀ ਕਾਨਫ਼ਰੰਸ ਬੁਲਾਈ ਜਾਏ ਜਿਸ ਵਿਚ ਸੋਵੀਅਤ ਤਜਵੀਜ਼ ਤੇ ਹਰ ਹੋਰ ਤਜਵੀਜ਼ਾਂ ਨੂੰ ਪੜਤਾਲਿਆ ਜਾਏ, ਜਿਹੜੀ ਅਮਨ ਤੇ ਯੋਰਪੀ ਸੁਰੱਖਿਆ ਦੀ ਗਾਰੰਟੀ ਲਈ ਪੇਸ਼ ਕੀਤੀ ਜਾਏ।

CC-0. In Public Domain. Gurukul Kangri Collection, Haridwar

ਫੇਰ ਵੀ ਸੋਵੀਅਤ ਤਜਵੀਜ਼ ਦੇ ਇਕ ਵੀ ਵਿਰੋਧੀ ਨੇ ਸਾਂਝੀ
Digitized by Arya Samaj Foundation Chennai and eGangotri
ਯੋਰਪੀ ਸੁਰੱਖਿਆ ਨੂੰ ਯਕੀਨੀ ਬਣਾਨ ਲਈ ਕੋਈ ਹੋਰ ਸੁਝਾਉ ਪੇਸ਼ ਨਾ ਕੀਤਾ। ਉਤਰੀ ਅਟਲਾਂਟਿਕ ਬਲਾਕ ਦੀਆਂ ਹਕੂਮਤਾਂ ਨੇ ਤੇ ਇਸ ਸਵਾਲ ਸਬੰਧੀ ਆਮ ਯੋਰਪੀ ਕਾਨਫ਼ਰੰਸ ਵਿਚ ਭਾਗ ਲੈਣ ਤਕ ਤੋਂ ਨਾਂਹ ਕਰ ਦਿੱਤੀ। ਉਹਨਾਂ ਐਲਾਨ ਕੀਤਾ ਕਿ ਉਹ ਸਿਰਫ਼ ਉਹਨਾਂ ਸੰਧੀਆਂ ਵਿਚ ਦਿਲਚਸਪੀ ਰਖਦੀਆਂ ਹਨ, ਜਿਹੜੀਆਂ ਇਕੋ ਵਿਚਾਰ ਵਾਲੇ ਮੁਲਕਾਂ ਤਕ ਮਹਿਦੂਦ ਹੋਣ—ਅਰਥਾਤ ਉਹ ਸਿਰਫ਼ ਉਹਨਾਂ ਮੁਲਕਾਂ ਵਿਚਕਾਰ ਹੀ ਹੋਣ, ਜਿਹੜੇ ਉਤਰੀ ਅਟਲਾਂਟਿਕ ਬਲਾਕ ਦੇ ਵਿਚਾਰਾਂ ਨਾਲ ਸਹਿਮਤ ਹੋਣ। ਇਸ ਤਰ੍ਹਾਂ ਉਹ ਦਰਸਾਂਦੇ ਹਨ ਕਿ ਉਹਨਾਂ ਦਾ ਇਤਹਾਦੀ ਸਭਾ ਵਿਚ ਹਿੱਸਾ ਲੈਣਾ ਕਿੰਨਾ ਬੇ-ਅਸੂਲਾ ਹੈ, ਕਿਉਂਕਿ ਇਤਹਾਦੀ ਸਭਾ ਇਕ ਅਜਿਹੀ ਜਥੇਬੰਦੀ ਹੈ, ਜਿਸ ਦਾ ਆਧਾਰ ਸਮਾਜੀ ਨਜ਼ਾਮ ਦੇ ਭਿੰਨ ਭੇਤ ਤੋਂ ਬਿਨਾਂ ਸਾਰੇ ਦੇਸਾਂ ਵਲੋਂ ਬਰਾਬਰ ਹਿੱਸਾ ਲੈਣ ਦੇ ਅਸੂਲ ਉਤੇ ਹੈ। ਇਸ ਐਲਾਨ ਨਾਲ ਉਹਨਾਂ ਇਹ ਵੀ ਪੱਕਾ ਕਰ ਦਿਤਾ ਕਿ ਯੋਰਪ ਵਿਚ ਅਮਨ ਤੇ ਸੱਚੀ ਸੁਰਖਿਆ ਯਕੀਨੀ ਬਣਾਉਣਾ ਉਹਨਾਂ ਦੇ ਦਮਾਗ਼ ਵਿਚ ਨਹੀਂ ਤੇ ਉਹਨਾਂ ਦੇ ਫ਼ੌਜੀ ਗਠ-ਜੋੜ ਸੋਵੀਅਤ ਯੂਨੀਅਨ ਤੇ ਲੋਕ ਜਮਹੂਰੀਅਤਾਂ ਨਾਲ ਦੁਸ਼ਮਣੀ ਦੇ ਮੰਤਵਾਂ ਲਈ ਬਣਾਏ ਗਏ ਹਨ।

ਸੋਵੀਅਤ ਯੂਨੀਅਨ ਦੀ ਸਮਾਜੀ ਨਜ਼ਾਮਾਂ ਦੇ ਭਿੰਨ ਭੇਤ ਤੋਂ ਬਿਨਾ ਸਾਰੇ ਯੋਰਪੀ ਮੁਲਕਾਂ ਦਾ ਅਮਨ ਤੇ ਸੁਰਖਿਆ ਯਕੀਨੀ ਬਣਾਉਣ ਵਾਲੀ ਪੁਰ ਅਮਨ ਨੀਤੀ ਦੇ ਟਾਕਰੇ ਤੇ ਉਹ ਕੁਝ ਮੁਲਕਾਂ ਦੇ ਵਿਰੁਧ ਫ਼ੌਜੀ ਗਠ ਜੋੜ ਸਿਰਜਣ ਦੀ ਨੀਤੀ ਰਖਦੇ ਹਨ। ਇਸ ਲਈ, ਸਭ ਹਮਲਾਵਰ ਸਕੀਮਾਂ ਤੇ ਉਨ੍ਹਾਂ ਸਾਰੇ ਅਮਲਾਂ ਦੀ ਜ਼ਿਮੇਵਾਰੀ ਉਹਨਾਂ ਸਿਰ ਹੈ, ਜਿਹੜੇ ਅਮਨ ਦੇ ਹਿਤਾਂ ਅਨੁਸਾਰ ਨਹੀਂ ਕੀਤੇ ਗਏ ਤੇ ਇਸ ਵਾਸਤੇ ਆਪਣੇ ਲੋਕਾਂ ਦੇ ਹਿਤਾਂ ਅਨੁਸਾਰ ਨਹੀਂ ਕੀਤੇ ਗਏ, ਸਗੋਂ ਉਹਨਾਂ ਜਾਬਰ ਹਲਕਿਆਂ ਤੇ ਹਾਕਮ ਜੁੰਡੀਆਂ ਦੇ ਹਿਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੁਸਾਰ ਕੀਤੇ ਗਏ ਹਨ, ਜਿਹੜੀਆਂ "ਤਾਕਤ ਦੀ ਨੀਤੀ" ਦੀਆਂ ਮੋਢੀ ਹਨ ਤੇ ਜਿਨ੍ਹਾਂ ਨੂੰ ਸਹੀ ਤੌਰ ਤੇ ਜੰਗਬਾਜ਼ਾਂ ਦਾ ਨਾਂਅ ਦਿਤਾ ਗਿਆ ਹੈ।

ਏਦਾਂ, ਪੈਰਿਸ ਸਮਝੌਤਿਆਂ ਵਲ ਸੋਵੀਅਤ ਯੂਨੀਅਨ ਦਾ ਵਤੀਰਾ ਪੂਰੀ ਤਰ੍ਹਾਂ ਸਪੱਸ਼ਟ ਹੈ। ਇਹ ਗਲਤ-ਫਹਿਮੀ ਦੀ ਗੁੰਜਾਇਸ਼ ਨਹੀਂ ਰਹਿਣ ਦੇਂਦਾ।

ਸਾਡੇ ਲਈ ਇਹ ਪਰਤੱਖ ਹੈ ਕਿ ਪੈਰਿਸ ਸਮਝੌਤਿਆਂ ਦੀ ਪਰਵਾਨਗੀ ਨਾਲ ਪਛਮੀ ਜਰਮਨੀ ਫ਼ੌਜ-ਸ਼ਾਹੀ ਬਹਾਲ ਕਰਨ ਲਗ ਪਏਗਾ ਤੇ ਅਮਲ ਵਿਚ, ਜਰਮਨ ਬਦਲਾ-ਲਊਆਂ ਦੇ ਕਬਜ਼ੇ ਹੇਠ ਆ ਜਾਏਗਾ। ਇਹ ਚਿਤਾਰਿਆ ਜਾ ਸਕਦਾ ਹੈ ਕਿ ਫ਼ਰਾਂਸੀਸੀ ਦੇਸ਼ ਭਗਤਾਂ ਨੂੰ ਵੀ, ਜਦੋਂ ਉਹ ਅਦੂਆਰ ਹੇਰਿਓ ਦੀਆਂ ਸ਼ਾਨਦਾਰ ਤਕਰੀਰਾਂ ਸੁਣਦੇ ਹਨ, ਇਸ ਦੇ ਸਿਟਿਆਂ ਬਾਰੇ ਪੂਰਾ ਅਹਿਸਾਸ ਹੈ।

ਜਿਵੇਂ ਕਿ ਪੈਰਸ ਸਮਝੌਤਿਆਂ ਵਿਚ ਮਿਥਿਆ ਹੋਇਆ ਹੈ, ਜੇ ਪਛਮੀ ਜਰਮਨੀ ਫ਼ਰਾਂਸ, ਬਰਤਾਨੀਆਂ, ਇਟਲੀ ਤੇ ਹੋਰਨਾਂ ਮੁਲਕਾਂ ਨਾਲ ਉਤਰੀ ਅਟਲਾਂਟਿਕ ਬਲਾਕ ਤੇ ਪਛਮੀ-ਵਿਰੋਧੀ ਫੌਜੀ ਗਠ-ਜੋੜ ਵਿਚ ਰਲ ਜਾਂਦਾ ਹੈ, ਤਾਂ ਯੋਰਪ ਵਿਚ ਇਕ ਨਵੀਂ ਹਾਲਤ ਪੈਦਾ ਹੋ ਜਾਏਗੀ, ਕਿਉਂਕਿ ਇਸ ਤਰ੍ਹਾਂ ਇਕ ਹੋਰ ਜੰਗ ਦਾ ਖਤਰਾ ਬਹੁਤ ਵਧ ਜਾਏਗਾ।

ਸੋਵੀਅਤ ਯੂਨੀਅਨ ਤੇ ਲੋਕ ਜਮਹੂਰੀਅਤਾਂ, ਜਿਨ੍ਹਾਂ ਦੇ ਖਿਲਾਫ ਇਹ ਪੈਰਿਸ ਸਮਝੌਤੇ ਰਚੇ ਜਾ ਰਹੇ ਹਨ, ਇਸ ਹਕੀਕਤ ਨੂੰ ਅਖੋਂ ਉਹਲੇ ਨਹੀਂ ਕਰ ਸਕਦੀਆਂ। ਸੋਵੀਅਤ ਲੋਕ ਤੇ ਉਹਨਾਂ ਦੀ ਫ਼ੌਜ ਸੱਚੇ ਦਿਲੋਂ ਅਮਨ ਚਾਹੁੰਦੇ ਹਨ ਤੇ ਨਾਲ ਹੀ ਉਹ ਆਪਣੀਆਂ ਸੋਸ਼ਲਿਸਟ ਜਿੱਤਾਂ ਦੀ ਚੇਤਨਤਾ ਤੇ ਉਹਨਾਂ ਦੀ ਰਾਖੀ ਦੇ ਨਿਸਚੇ ਨਾਲ ਭਰੇ ਹੋਏ ਹਨ। ਜੇ ਬੀਤੇ ਵਿਚ ਹਮਲਾਵਰ ਨੂੰ ਮੂੰਹ ਦੀ ਖਾਣੀ ਪਈ ਤਾਂ ਹੁਣ ਉਹਦੇ ਲਈ ਇਹ ਯਾਦ ਰਖਣਾ ਚੰਗਾ ਹੋਵੇਗਾ

CC-0. In Public Domain. Gurukul Kangri Collection, Haridwar

ਕਿ ਸੋਵੀਅਤ ਯੂਨੀਅਨ ਦੀ ਸ਼ਕਤੀ ਅਮਿਣਵੀ ਹਦ ਤਕ ਵਧ ਗਈ
Digitized by Arya Samaj Foundation Chennai and eGangotri
ਹੈ, (ਉਚੀਆਂ ਤਾੜੀਆਂ) ਤੇ ਸਾਡੀ ਫੌਜ ਦੇ ਹਰ ਸੌ ਆਦਮੀਆਂ ਵਿਚੋਂ ਸਤਤਰ ਕਮਿਊਨਿਸਟ ਜਾਂ ਨੌਜੁਆਨ ਕਮਿਊਨਿਸਟ ਹਨ। (ਲੰਮੀਆਂ ਤਾੜੀਆਂ) ਤੇ ਕਮਿਊਨਿਸਟ ਤੇ ਨੌਜੁਆਨ ਕਮਿਊਨਿਸਟ ਕਿਸੇ ਜਬਰ ਤੋਂ ਕਮਿਊਨਿਜ਼ਮ ਦੀਆਂ ਜਿੱਤਾਂ ਦੀ ਰਾਖੀ ਕਰਨੀ ਖਾਸ ਕਰ ਚੰਗੀ ਤਰ੍ਹਾਂ ਜਾਣਦੇ ਹਨ। (ਤਾੜੀਆਂ)

ਯੋਰਪ ਵਿਚ ਪੈਦਾ ਹੋ ਰਹੀ ਨਵੀਂ ਹਾਲਤ ਨੂੰ ਧਿਆਨ ਵਿਚ ਰਖਦੇ ਹੋਏ, ਸੋਵੀਅਤ ਯੂਨੀਅਨ ਤੇ ਹੋਰ ਅਮਨ-ਸਨੇਹੀ ਮੁਲਕ, ਜਿਨ੍ਹਾਂ ਦੇ ਖਿਲਾਫ ਪੈਰਿਸ ਸਮਝੌਤੇ ਕੀਤੇ ਗਏ ਹਨ, ਹਥ ਬੰਨ੍ਹੀ ਨਹੀਂ ਬੈਠੇ ਰਹਿਣਗੇ। ਉਹਨਾਂ ਨੂੰ ਆਪਣੀ ਸੁਰਖਿਆ ਦੀ ਵਧੇਰੇ ਕਾਰਗਰ ਰਾਖੀ ਲਈ ਤੇ ਯੋਰਪ ਵਿਚ ਅਮਨ ਦੇ ਬਚਾਓ ਲਈ ਯੋਗ ਕਦਮ ਚੁਕਣੇ ਪੈਣਗੇ।

ਮਾਸਕੋ ਕਾਨਫ਼ਰੰਸ ਵਿਚ ਜਿਹੜੀ ਪਿਛਲੇ ਦਸੰਬਰ ਦੀ ਦੋ ਤਰੀਕ ਨੂੰ ਸਮਾਪਤ ਹੋਈ ਤੇ ਜਿਸ ਨੇ ਸਰਬ ਸੰਮਤੀ ਨਾਲ ਇਕ ਦਰਿੜ ਐਲਾਨ ਜਾਰੀ ਕੀਤਾ ਇਹ ਸਾਰਾ ਕੁਝ ਸਾਫ਼ ਤੌਰ ਤੇ ਦਸਿਆ ਗਿਆ। ਇਸ ਐਲਾਨ ਉਤੇ ਸੋਵੀਅਤ ਯੂਨੀਅਨ, ਪੋਲਿਸ਼ ਲੋਕ ਰੀਪਬਲਿਕ, ਚੇਕੋਸਲੋਵਾਕ ਰੀਪਬਲਿਕ, ਜਰਮਨ ਜਮਹੂਰੀ ਰੀਪਬਲਿਕ, ਹੰਗੇਰੀਅਨ ਲੋਕ ਰੀਪਬਲਿਕ, ਰੂਮਾਨੀਅਨ ਲੋਕ ਰੀਪਬਲਿਕ, ਬਲਗਾਰੀਆ ਦੀ ਲੋਕ ਰੀਪਬਲਿਕ ਤੇ ਅਲਬਾਨੀਆ ਦੀ ਲੋਕ ਰੀਪਬਲਿਕ ਨੇ ਦਸਖ਼ਤ ਕੀਤੇ।

ਮਾਸਕੋ ਕਾਨਫਰੰਸ ਦੇ ਅੱਠਾਂ ਮੁਲਕਾਂ ਨੇ ਪੱਕਾ ਐਲਾਨ ਕੀਤਾ ਕਿ ਜੇ ਪੈਰਸ ਸਮਝੌਤੇ ਪਰਵਾਨ ਹੋ ਗਏ ਤਾਂ ਉਹ ਆਪਣੀ ਕੌਮਾਂਤਰੀ ਪੁਜ਼ੀਸ਼ਨ ਨੂੰ ਮਜ਼ਬੂਤ ਬਣਾਉਣ ਤੇ ਅਮਨ ਤੇ ਯੂਰਪੀ ਸੁਰਖਿਆ ਦੀ ਰਾਖੀ ਕਰਨ ਲਈ ਸਾਰੇ ਜ਼ਰੂਰੀ ਕਦਮ ਚੁੱਕਣਗੇ। ਇਸ ਲਈ ਸਾਨੂੰ ਹੋਰ ਵਡੇ ਯਤਨ ਤੇ ਮਾਦੀ ਕੁਰਬਾਨੀਆਂ ਕਰਨੀਆਂ ਪੈਣਗੀਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ [illegible] ਫੌਜ ਸ਼ਾਹੀ, ਇਸ ਤੋਂ ਅਸੀਂ ਹੋੜੇ ਨਹੀਂ ਜਾ ਸਕਾਂਗੇ। (ਲੰਮੀਆਂ ਤਾੜੀਆਂ)

ਮੁਖ ਤੌਰ ਤੇ ਇਹਨਾਂ ਕਾਰਵਾਈਆਂ ਵਿਚ ਮਾਸਕੋ ਕਾਨਫਰੰਸ ਦੇ ਅੱਠਾਂ ਮੁਲਕਾਂ ਵਲੋਂ ਮਿਤ੍ਰਤਾ, ਮਿਲਵਰਤਨ ਤੇ ਆਪਸ਼ੀ ਸਹਾਇਤਾ ਦੀ ਸੰਧੀ ਕਰਨ ਦੀ ਤਿਆਰੀ ਸ਼ਾਮਲ ਹੈ। ਇਸ ਨੁਕਤੇ ਤੇ ਗਲਾਂ ਬਾਤਾਂ ਹੁਣੇ ਹੀ ਜਾਰੀ ਹਨ ਤਾਂ ਜੋ ਸਮਾਂ ਅੰਜਾਈ ਨਾ ਜਾਏ। ਅਸੀਂ ਜਰਮਨ ਫੌਜ ਸ਼ਾਹੀ ਨਾਲ ਰਲ ਕੇ ਬਣਾਏ ਜਾ ਰਹੇ ਨਵੇਂ ਫ਼ੌਜੀ ਬਲਾਕਾਂ ਤੇ ਗਠ-ਜੋੜਾਂ ਦਾ ਜਵਾਬ ਆਪਣੀਆਂ ਸਫ਼ਾਂ ਦੀ ਹੋਰ ਪਕਿਆਈ, ਮਿਤ੍ਰਤਾ ਦੇ ਸਬੰਧਾਂ ਦੀ ਹੋਰ ਮਜ਼ਬੂਤੀ, ਆਪਣੀ ਆਮ ਮਿਲਵਰਤਨ ਦੀ ਹੋਰ ਉਨਤੀ ਤੇ ਜਿਥੇ ਕਿਤੇ ਵੀ ਲੋੜ ਪਰਤੀਤ ਹੋਵੇ, ਆਪਸੀ ਸਹਾਇਤਾ ਦੇ ਪਾਸਾਰ ਵਿਚ ਵਾਧੇ ਨਾਲ ਦਿਆਂਗੇ। (ਤਾੜੀਆਂ)

ਜੇ ਮੁੜ-ਹਥਿਆਰਬੰਦ ਪਛਮੀ ਜਰਮਨ ਨੂੰ ਨਾਲ ਰਲਾ ਕੇ ਕੋਈ ਪਛਮੀ ਯੋਰਪੀ ਫ਼ੌਜੀ ਗਠ-ਜੋੜ ਬਣਾਏ ਗਏ ਤਾਂ ਅੱਠਾਂ ਮੁਲਕਾਂ ਨੂੰ ਜੋ ਕਾਰਵਾਈਆਂ ਕਰਨ ਤੇ ਮਜਬੂਤ ਹੋਣਾ ਪਏਗਾ ਉਹਨਾਂ ਵਿੱਚ ਇਕ ਸਾਂਝੀ ਫ਼ੌਜੀ ਕਮਾਨ ਦੀ ਸਥਾਪਤੀ ਹੋਏਗੀ। (ਉੱਚੀਆਂ ਤਾੜੀਆਂ) ਇਹ ਕਾਰਵਾਈ ਸੋਵੀਅਤ ਯੂਨੀਅਨ ਤੇ ਹੋਰ ਅਮਨ-ਸਨੇਹੀ ਯੋਰਪੀ ਮੁਲਕਾਂ ਦੀ ਰਖਿਆ ਦੀ ਸ਼ਕਤੀ ਨੂੰ ਹੋਰ ਮਜ਼ਬੂਤ ਬਣਾਉਣ ਦੀ ਲੋੜ ਤੋਂ ਉਪਜਦੀ ਹੈ। ਤਾਂ ਜੋ ਕਿਸੇ ਵੀ ਅਚਨਚੇਤ ਹਾਲਤ ਤੇ ਅਚੰਭੇ ਲਈ ਤਿਆਰ ਰਿਹਾ ਜਾ ਸਕੇ ਜਦੋਂ ਸਾਡੀ ਜਾਚੇ, ਅਮਨ-ਸਨੇਹੀ ਯੋਰਪੀ ਮੁਲਕ ਸਾਂਝੀ ਫ਼ੌਜੀ ਕਮਾਨ ਸਥਾਪਤ ਕਰ ਲੈਣਗੇ ਹਮਲਾਵਰ ਅਨਸਰ ਮਾਅਰਕੇਬਾਜ਼ ਚਾਲਾਂ ਤੋਂ ਬਾਜ਼ ਰਹਿਣਗੇ ਤੇ ਵਧੇਰੇ ਸੰਕੋਚ ਨਾਲ ਪੇਸ਼ ਆਉਣਗੇ। (ਤਾੜੀਆਂ)

ਅਸੀਂ ਇਹ ਗਲ ਖੁਲ੍ਹੇ ਮੂੰਹ, ਆਪ ਪਰ੍ਹੇ ਵਿਚ ਕਹਿੰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਂ ਤੇ ਆਪਣੇ ਲੋਕਾਂ ਅਗੇ ਅਸਲੀ ਹਾਲਤ ਦੀ ਵਿਆਖਿਆ ਕਰਨੀ ਜ਼ਰੂਰੀ ਸਮਝਦੇ ਹਾਂ। ਤੇ ਸਾਨੂੰ ਵਿਸ਼ਵਾਸ ਹੈ ਕਿ ਲੋਕ ਸਾਨੂੰ ਸਹੀ ਸਮਝਣਗੇ। (ਉੱਚੀਆਂ ਤਾੜੀਆਂ)

ਇਹ ਚੰਗੀ ਤਰ੍ਹਾਂ ਜਾਣੀ ਹੋਈ ਗਲ ਹੈ ਕਿ ਜੇ ਲੋਕ ਜੋ ਕੁਝ ਹੋ ਰਿਹਾ ਹੈ ਉਸ ਨੂੰ ਸਮਝਦੇ ਹੋਣ ਤਾਂ ਅਮਨ ਦੇ ਹਿਤਾਂ ਦੀ ਸਭ ਤੋਂ ਵਧੀਆ, ਸੇਵਾ ਹੁੰਦੀ ਹੈ ਤੇ ਅਮਨ-ਸਨੇਹੀ ਮੁਲਕਾਂ ਦੀ ਸੁਰੱਖਿਆਂ ਦੀ ਸਭ ਤੋਂ ਕਾਰਗਰ ਜ਼ਮਾਨਤ ਹੁੰਦੀ ਹੈ।

ਸਭ ਕੁਝ ਜੋ ਮੈਂ ਕਿਹਾ ਹੈ ਤੋਂ ਪ੍ਰਤੱਖ ਹੋਏਗਾ ਕਿ ਸੋਵੀਅਤ, ਬਦੇਸ਼ੀ ਨੀਤੀ ਦਾ ਨਿਸ਼ਾਨਾ ਅਮਨ ਕਾਇਮ ਰਖਣਾ ਤੇ ਪੱਕਾ ਕਰਨਾ ਹੈ।

ਇਸ ਕਰਕੇ, ਅਸੀਂ ਦੂਜੇ ਦੇਸਾਂ ਨਾਲ ਅਜਿਹੀਆਂ ਕਾਰਵਾਈਆਂ ਲਈ, ਅਜਿਹੀਆਂ ਗੱਲਾਂ ਬਾਤਾਂ ਤੇ ਸਮਝੌਤਿਆਂ ਲਈ ਕੋਸ਼ਸ਼ ਕਰ ਰਹੇ ਹਾਂ, ਜਿਹੜੇ ਕੌਮਾਂਤਰੀ ਖਿਚਾਓ ਨੂੰ ਘਟਾਣ ਵਿਚ ਸਹਾਇਕ ਹੋਣਗੇ। ਇਹ ਪਰਤੱਖ ਹੈ ਕਿ ਇਹ ਨਿਸ਼ਾਨੇ ਤਾਂ ਹੀ ਪੂਰੇ ਕੀਤੇ ਜਾ ਸਕਦੇ ਹਨ, ਜੇ ਦੂਜੀ ਧਿਰ ਵੀ ਏਸੇ ਤਰ੍ਹਾਂ ਸ਼ੁਭ-ਇਛੱਕ ਹੋਵੇ।

ਦੂਜੇ ਦੇਸਾਂ ਨਾਲ ਸਾਡੇ ਸਬੰਧ ਮੁਖ ਤੌਰ ਤੇ ਉਸ ਹਦ ਤੀਕ ਮਿਥ ਜਾਂਦੇ ਹਨ, ਜਿਥੋਂ ਤਕ ਇਹਨਾਂ ਸਬੰਧਾਂ ਦੀ ਉੱਨਤੀ, ਦੂਜੇ ਮੁਲਕਾਂ ਦੇ ਘਰੇਲੂ ਮਾਮਲਿਆਂ ਵਿਚ ਦਖਲ ਅੰਦਾਜ਼ੀ ਨਾ ਕਰਨ ਦੇ ਨੇਮ ਦੀ ਇਕਸਾਰ ਪਾਲਣਾ ਸਹਿਤ, ਅਮਨ ਵਧਾਣ ਵਿਚ, ਅਮਨ ਕਾਇਮ ਰਖਣ ਵਿਚ ਸਹਾਇਕ ਹੁੰਦੀ ਹੈ।

ਸੋਵੀਅਤ ਯੂਨੀਅਨ ਤੇ ਅਮ੍ਰੀਕਾ ਵਿਚਕਾਰ ਸਬੰਧਾਂ ਬਾਰੇ ਕੀ ਕਿਹਾ ਜਾ ਸਕਦਾ ਹੈ?

ਇਹਨਾਂ ਸਬੰਧਾਂ ਵਿਚ ਚੋਖੀ ਕਸਰ ਹੈ। ਕੀ ਸੋਵੀਅਤ ਯੂਨੀਅਨ ਤੇ ਅਮ੍ਰੀਕਾ ਵਿਚਕਾਰ ਸਬੰਧਾਂ ਵਿਚ ਉੱਨਤੀ ਸੰਭਵ ਹੈ? ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਲਕੁਲ ਸੰਭਵ ਹੈ। ਫੇਰ ਵੀ, ਇਸ ਲਈ ਲੋੜ ਹੈ ਕਿ ਇਸ ਦੀ ਚਾਹਵਾਨ ਸਿਰਫ਼ ਸੋਵੀਅਤ ਹਕੂਮਤ ਹੀ ਨਹੀਂ, ਸਗੋਂ ਅਮ੍ਰੀਕੀ ਹਕੂਮਤ ਵੀ ਹੋਵੇ।

ਪਿਛੇ ਜਹੇ ਬਰਤਾਨੀਆਂ ਤੇ ਫਰਾਂਸ ਨਾਲ ਸਾਡੇ ਸਬੰਧ ਚੰਗੇ ਬਣਨੇ ਸ਼ੁਰੂ ਹੋ ਗਏ ਸਨ ਜਦ ਕਿ ਉਹ ਡੁੱਬੀ ਚਟਾਨ ਨਾਲ ਟਕਰਾ ਗਏ, ਵਧੇਰੇ ਸਹੀ ਇਹ ਹੋਏਗਾ ਕਿ ਉਹ ਪੈਰਿਸ ਸਮਝੌਤਿਆਂ ਨਾਲ ਟਕਰਾ ਗਏ, (ਉਤਸੁਕਤਾ)। ਉਹਨਾਂ ਦੀਆਂ ਹਮਲਾਵਰ ਜਰਮਨ ਫ਼ੌਜ ਸ਼ਾਹੀ ਨੂੰ ਮੁੜ-ਜਿਵਾਣ ਦੀਆਂ ਸਕੀਮਾਂ ਨਾਲ ਟਕਰਾ ਗਏ। ਜੇ ਹਾਲਾਤ ਪੈਰਿਸ ਸਮਝੌਤਿਆਂ ਦੀ ਪਰਵਾਨਗੀ ਤੇ ਪੂਰਤੀ ਵਲ ਅਮੋੜ ਚਲਦੇ ਗਏ, ਇਸ ਦਾ ਭਾਵ ਸਿਰਫ਼ ਇਹ ਹੋਏਗਾ ਕਿ ਬਰਤਾਨੀਆ ਤੇ ਫ਼ਰਾਂਸ ਨੂੰ ਉਹਨਾਂ ਸੰਧੀਆਂ ਦੀ ਕਦਰ ਨਹੀਂ ਜਿਹੜੀਆਂ ਉਹਨਾਂ ਦੂਜੀ ਸੰਸਾਰ ਜੰਗ ਦੇ ਦੌਰਾਨ ਸੋਵੀਅਤ ਯੂਨੀਅਨ ਨਾਲ ਕੀਤੀਆਂ; ਇਸ ਦੇ ਅਰਥ ਇਹ ਹੋਣਗੇ ਕਿ ਉਹ ਉਹਨਾਂ ਨੂੰ ਸਿੱਧੇ ਤੌਰ ਤੇ ਰਦ ਕਰ ਰਹੇ ਹਨ, ਉਹਨਾਂ ਤੇ ਕਾਟਾ ਫੇਰ ਰਹੇ ਹਨ। ਇਹ ਲਾਜ਼ਮੀ ਹੋਏਗਾ ਕਿਉਂਕਿ ਪੈਰਿਸ ਸਮਝੌਤੇ ਜਰਮਨ ਫ਼ੌਜ ਸ਼ਾਹੀ ਦੇ ਮੁੜ-ਉਭਾਹ ਤੇ ਪਛਮੀ ਜਰਮਨੀ ਦੀ ਸੋਵੀਅਤ-ਵਿਰੋਧੀ ਗਠ-ਜੋੜਾਂ ਵਿਚ ਸਮਾਈ ਦਾ ਰਾਹ ਖੋਲ੍ਹਦੇ ਹਨ ਤੇ ਇਸ ਕਾਰਨ ਐਂਗਲੋ- ਸੋਵੀਅਤ ਤੇ ਫ਼ਰਾਂਸੀਸੀ-ਸੋਵੀਅਤ ਦੋਨਾਂ ਸੰਧੀਆਂ ਦੇ ਵਿਰੁਧ ਹਨ।

ਫ਼ਿਨਲੈਂਡ ਤੇ ਨਾਰਵੇ ਜਹੇ ਗਵਾਂਢੀਆਂ ਨਾਲ ਸਾਡੇ ਦੇਸ ਦੇ ਸਬੰਧਾਂ ਦੀ ਉੱਨਤੀ ਦਾ ਮੁਕਾਬਲਾ ਕਰ ਵੇਖੋ।

ਫ਼ਿਨਲੈਂਡ ਨਾਲ ਸਾਡੇ ਸਬੰਧ ਸੰਨ ੧੯੪੮ ਦੀ ਮ੍ਰਿਤਤਾ ਮਿਲਵਰਤਨ ਤੇ ਆਪਸੀ ਸਹਾਇਤਾ ਦੀ ਸੰਧੀ ਅਨੁਸਾਰ ਉੱਨਤ ਹੋ ਰਹੇ ਹਨ। ਕੁਝ ਹਕੀਕਤਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜਿਹੜੀਆਂ ਆਰਥਕ ਤੇ ਰਾਜਸੀ ਦੋਨਾਂ ਖੇਤਰਾਂ ਵਿਚ ਇਹਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਬੰਧਾਂ ਦੀ ਉੱਨਤੀ ਦੀਆਂ ਮਿਸਾਲੀਆਂ ਹਨ । ਪਿਛਲ ਸਾਲ ਸ੍ਰੀ ਕੇਕੋਨੈਨ ਦੀ ਅਗਵਾਈ ਹੇਠ ਫਿਨਿਸ਼ ਹਕੂਮਤ ਦੇ ਡੈਲੀਗੇਸ਼ਨ ਦੀ ਮਾਸਕੋ ਫ਼ੇਰੀ ਤੇ ਉਹਦੇ ਜਵਾਬ ਵਿਚ ਸਾਬੀ ਆਈ. ਏ. ਮਿਕੋਯਾਨ ਦੀ ਅਗਵਾਈ ਹੇਠ ਸੋਵੀਅਤ ਹਕੂਮਤ ਦੇ ਡੈਲੀਗੇਸ਼ਨ ਵਲੋਂ ਫਿਨਲੈਂਡ ਦੀ ਫੇਰੀ ਨੇ ਸੋਵੀਅਤ-ਫ਼ਿਨਿਸ਼ ਸਬੰਧਾਂ ਨੂੰ ਹੋਰ ਚੰਗੇਰਾ ਬਣਾਉਣ ਵਿਚ ਹਿੱਸਾ ਪਾਇਆ, ਜਿਨ੍ਹਾਂ ਦਾ ਆਧਾਰ ਨਿਘੀ ਆਪਸੀ ਸਮਝ ਉਤੇ ਹੈ ।

ਜਿਥੋਂ ਤਕ ਸੋਵੀਅਤ ਯੂਨੀਅਨ ਤੇ ਨਾਰਵੇ ਦੇ ਸਬੰਧ ਦਾ ਸਵਾਲ ਹੈ, ਸੋਵੀਅਤ ਯੂਨੀਅਨ ਨੂੰ ਇਸ ਹਕੀਕਤ ਨੂੰ ਧਿਆਨ ਵਿਚ ਰਖਣ ਤੇ ਮਜਬੂਰ ਹੋਣਾ ਪਿਆ ਹੈ ਕਿ ਨਾਰਵੇ ਹਮਲਾਵਰ ਉਤਰੀ ਐਟਲਾਂਟਿਕ ਬਲਾਕ ਦੀ ਧਿਰ ਬਣ ਗਿਆ ਹੈ, ਤੇ ਇਹ ਹੋਰ ਜੋ ਚਾਹੇ ਕਰੇ, ਯੋਰਪ ਵਿਚ ਅਮਨ ਨੂੰ ਅਗੇ ਨਹੀਂ ਲਿਜਾਂਦੀ । ਹਰ ਹਾਲੇ, ਨਾਰਵੇ ਵਾਸੀਆਂ ਲਈ ਚੇਤੇ ਰਖਣਾ ਚੰਗਾ ਹੋਏਗਾ ਕਿ ਸੋਵੀਅਤ ਯੂਨੀਅਨ ਨਾਲ ਚੰਗੇ ਗਵਾਂਢੀ ਸਬੰਧ ਕਾਇਮ ਰਖਣੇ ਸਿਰਫ਼ ਸਾਡੇ ਦੇਸ ਦੇ ਹਿਤ ਦੇ ਅਨਕੂਲ ਹੀ ਨਹੀਂ, ਸਗੋਂ ਨਾਰਵੇ ਦੇ ਹਿਤ ਦੇ ਅਨੁਕੂਲ ਵੀ ਹਨ ।

ਮੈਂ ਤੁਰਕੀ, ਈਰਾਨ ਤੇ ਅਫਗਾਨਿਸਤਾਨ ਜਹੇ ਗਵਾਂਢੀਆਂ ਨਾਲ ਸਾਡੇ ਸਬੰਧਾਂ ਬਾਰੇ ਵੀ ਕੁਝ ਲਫ਼ਜ਼ ਕਹਾਂਗਾ ।

ਇਹ ਗਲ ਆਮ ਜਾਣੀ ਹੋਈ ਹੈ ਕਿ ਸੋਵੀਅਤ ਯੂਨੀਅਨ ਨੇ ਤੁਰਕੀ ਨਾਲ ਸਬੰਧ ਚੰਗੇਰੇ ਬਨਾਉਣ ਵਿਚ ਸਹਾਇਕ ਹੋਣ ਵਾਲੇ ਕੁਝ ਕਦਮ ਚੁਕੇ ਹਨ । ਇਸ ਦੇ ਬਾਵਜੂਦ ਵੀ ਤੁਰਕੀ ਦੇ ਅਧਿਕਾਰੀ ਇਕ ਅਜਿਹੀ ਪੁਜ਼ੀਸ਼ਨ ਤੇ ਅੜੇ ਹੋਏ ਹਨ, ਜਿਹੜੀ ਸੁਭਾਵਿਕ, ਚੰਗੇ ਗਵਾਂਢੀ ਸਬੰਧਾਂ ਦੇ ਅਨੁਕੂਲ ਹਨੀਂ; ਉਹ ਆਪਣੀ ਧਰਤੀ ਤੇ ਸਮੁੰਦਰੀ ਪਾਣੀਆਂ ਨੂੰ ਬਦੇਸ਼ੀ, ਖਾਸ ਤੌਰ ਤੇ ਅਮਰੀਕੀ ਹਥਿਆਰਬੰਦ ਫੌਜਾਂ ਦੀਆਂ ਮਸ਼ਕਾਂ ਤੇ ਮੁਜ਼ਾਹਰਿਆਂ ਲਈ ਇਕ ਅਖਾੜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਤੌਰ ਤੇ ਉਭਰ ਰਹੇ ਹਨ। ਸੋਵੀਅਤ ਯੂਨੀਅਨ ਦਾ ਵਿਚਾਰ ਹੈ ਕਿ ਤੁਰਕੀ ਤੇ ਸੋਵੀਅਤ ਯੂਨੀਅਨ ਵਿਚਕਾਰ ਚੰਗੇ ਗਵਾਂਢੀ ਸਬੰਧਾਂ ਦੇ ਕਾਇਮ ਰਹਿਣਾ ਦੋਨਾਂ ਦੇਸਾਂ ਦੇ ਹਿਤਾਂ ਲਈ ਜ਼ਰੂਰੀ ਹੈ।

ਈਰਾਨ ਨਾਲ ਸਾਡੇ ਸਬੰਧਾਂ ਵਿਚ ਕੁਝ ਤਰੱਕੀ ਵੇਖੀ ਜਾ ਸਕਦੀ ਹੈ, ਲੰਮੀਆਂ ਗਲਾਂ ਬਾਤਾਂ ਪਿਛੋਂ ਅਹਿਮ ਸਰਹੱਦੀ ਤੇ ਮਾਲੀ ਮਾਮਲਿਆਂ ਸਬੰਧੀ ਸੋਵੀਅਤ ਈਰਾਨੀ ਇਕਰਾਰਨਾਮੇ ਉਤੇ ਦਸਖ਼ਤ ਹੋ ਗਏ। ਸਾਨੂੰ ਆਸ ਹੈ ਕਿ ਈਰਾਨ ਉਤੇ ਉਹਨਾਂ ਬਦੇਸ਼ੀ ਜ਼ਾਬਰ ਤਾਕਤਾਂ ਦਾ ਲਗਾਤਾਰ ਦਬਾਓ ਸੋਵੀਅਤ-ਈਰਾਨੀ ਸਬੰਧਾਂ ਦੀ ਇਹਨਾਂ ਲੀਹਾਂ ਤੇ ਉੱਨਤੀ ਨੂੰ ਨਹੀਂ ਰੋਕ ਸਕੇਗਾ, ਜਿਹੜੀਆਂ ਉਸ ਦੇਸ ਨੂੰ ਨੇੜੇ ਤੇ ਮਧ ਪੂਰਬ ਦੇ ਹਮਲਾਵਰ ਫ਼ੌਜੀ ਤੇ ਰਾਜਸੀ ਗਠ ਜੋੜਾਂ ਵਿਚ ਰਲਾਣ ਲਈ ਵਰਗਲਾਉਣ ਤੇ ਤੁਲੀਆਂ ਹੋਈਆਂ ਹਨ।

ਅਫ਼ਗਾਨਿਸਤਾਨ ਨਾਲ ਸਾਡੇ ਸਬੰਧਾਂ ਦੀ ਸੁਭਾਵਿਕ ਉੱਨਤੀ ਹੋ ਰਹੀ ਹੈ ਤੇ ਸਾਡਾ ਵਿਚਾਰ ਹੈ ਕਿ ਇਹ ਦੋਨਾਂ ਦੇਸਾਂ ਦੇ ਹਿਤਾਂ ਦੇ ਅਨੁਕੂਲ ਹੈ।

ਸਾਨੂੰ ਸੋਵੀਅਤ ਯੂਨੀਅਨ ਤੇ ਹਿੰਦੁਸਤਾਨ ਵਿਚਕਾਰ ਦੋਸਤਾਨਾ ਸਬੰਧਾਂ ਦੀ ਲਗਾਤਾਰ ਤਰੱਕੀ ਵੇਖ ਕੇ ਤਸੱਲੀ ਹੁੰਦੀ ਹੈ।

ਦੋਹਾਂ ਦੇਸਾਂ ਵਿਚਕਾਰ ਰਾਜਸੀ ਤੇ ਆਰਥਕ ਤੇ ਇਹਨਾਂ ਦੇ ਨਾਲ ਹੀ ਸਭਿਆਚਾਰਕ ਸਬੰਧ ਵੀ ਕਾਮਯਾਬੀ ਨਾਲ ਉੱਨਤ ਹੋ ਰਹੇ ਹਨ, ਅਤੇ ਦੋਹਾਂ ਦੇਸਾਂ ਦੇ ਲੋਕਾਂ ਵਿਚਕਾਰ ਜੋ ਦਿਲੀ ਦਵੱਲੀ ਸਤਿਕਾਰ ਤੇ ਹਮਦਰਦੀ ਦੇ ਰੰਗ ਵਿਚ ਰੱਤੇ ਹਨ ਹੋਰ ਨਿਘੇ ਸਬੰਧ ਕਾਇਮ ਕਰਨ ਵਿਚ ਸਹਾਇਕ ਹੋ ਰਹੇ ਹਨ।

ਥੋਹੜੇ ਦਿਨ ਹੋਏ ਇਕ ਅਹਿਮ ਆਰਥਕ ਸਮਝੌਤਾ ਹੋਇਆ, ਜਿਸ ਅਨੁਸਾਰ ਸੋਵੀਅਟ ਯੂਨੀਅਨ ਨੇ ਹਿੰਦੁਸਤਾਨ ਵਿਚ ਲੰਮੇਂ ਸਮੇਂ ਦੇ ਉਧਾਰ ਦੀਆਂ ਸੁਖਾਂਵੀਆਂ ਸ਼ਰਤਾਂ ਦੇ ਆਧਾਰ ਤੇ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਡਾ ਧਾਤ ਦਾ ਕਾਰਖਾਨਾ ਉਸਾਰਨ ਦੀ ਜ਼ਿਮੇਵਾਰੀ ਲਈ ਹੈ, ਜਿਹੜਾ ੧੦ ਲਖ ਟਨਾਂ ਤੋਂ ਵਧੇਰਾ ਫੌਲਾਦ ਤੇ ਸਬੰਧਤ ਵਡ਼ਨ ਦੀਆਂ ਚਾਦਰਾਂ ਹਰ ਸਾਲ ਪੈਦਾ ਕਰੇਗਾ। ਸੋਵੀਅਤ ਹਕੂਮਤ ਸਾਰਾ ਸਾਮਾਨ ਤੇ ਮੌਕੇ ਉਤੇ ਕੰਮ ਕਰਨ ਵਾਲੇ ਉੱਚੀ ਯੋਗਤਾ ਵਾਲੇ ਮਾਹਿਰਾਂ ਦੀ ਸੇਵਾ ਸਮੇਤ ਲੋੜੀਂਦੀ ਸਹਾਇਤਾ ਦੇਵੇਗੀ। ਸਾਨੂੰ ਇਹ ਮੰਗ ਸਵੀਕਾਰ ਕਰਕੇ ਬਹੁਤ ਖੁਸ਼ੀ ਹੋਈ ਕਿਉਂਕਿ ਹਿੰਦੁਸਤਾਨ ਵਿਚ ਲੋਹੇ ਤੇ ਫ਼ੌਲਾਦ ਦੀ ਸਨਅਤ ਦੀ ਉਨਤੀ ਇਸ ਪੁਰਾਤਨ ਤੇ ਮਹਾਨ ਦੇਸ ਦੀ ਕੌਮੀ ਸੁਤੰਤਰਤਾ ਨੂੰ ਯਕੀਨੀ ਬਨਾਉਣ ਤੇ ਆਰਥਕ ਤਰੱਕੀ ਨੂੰ ਅਗੇ ਲਿਜਾਣ ਵਿਚ ਸਹਾਇਕ ਹੋਏਗੀ, ਤੇ ਇਸ ਗਲ ਦੇ ਸੋਵੀਅਤ ਯੂਨੀਅਨ ਦੇ ਲੋਕ ਆਪਣੇ ਦਿਲਾਂ ਦੀਆਂ ਡੂੰਘਾਈਆਂ ਤੋਂ ਚਾਹਵਾਨ ਹਨ। (ਲੰਮੀਆਂ ਤਾੜੀਆਂ)

ਹਿੰਦੁਸਤਾਨ ਦੇ ਪ੍ਰਧਾਨ ਮੰਤਰੀ, ਜਵਾਹਰ ਲਾਲ ਨਹਿਰੂ ਹੁਰਾਂ ਇਹਨਾਂ ਗਰਮੀਆਂ ਵਿਚ ਸੋਵੀਅਤ ਯੂਨੀਅਨ ਆਉਣਾ ਹੈ। (ਤਾੜੀਆਂ) ਸੋਵੀਅਤ ਯੂਨੀਅਨ ਦੇ ਲੋਕਾਂ ਨੇ ਨਹਿਰੂ ਦੇ ਆਉਂਦੇ ਦੌਰੇ ਦੀ ਖਬਰ ਨੂੰ ਡੂੰਘੀ ਮਿਤਰਤਾ ਦੇ ਜਜ਼ਬੇ ਨਾਲ ਸੁਣਿਆ ਹੈ। (ਤਾੜੀਆਂ)

ਦੋ ਹੋਰ ਏਸ਼ੀਆਈ ਦੇਸਾਂ—ਬਰਮਾਂ ਤੇ ਇੰਡੋਨੇਸ਼ੀਆ ਨਾਲ ਸਾਡੇ ਸਬੰਧ ਲਗਾਤਾਰ ਗੂੜ੍ਹੇ ਹੁੰਦੇ ਜਾ ਰਹੇ ਹਨ।

ਸੋਵੀਅਤ ਯੂਨੀਅਨ ਤੇ ਇਰਾਕ ਤੋਂ ਛੁਟ, ਬਾਕੀ ਅਰਬੀ ਮੁਲਕਾਂ ਨਾਲ ਸਬੰਧਾਂ ਬਾਰੇ ਪਿਛੇ ਜਹੇ ਮੁਬਾਰਕ ਗਲਾਂ ਸਾਹਮਣੇ ਆਈਆਂ ਹਨ।

ਇਰਾਕ ਦੇ ਸੋਵੀਅਤ ਯੂਨੀਅਨ ਨਾਲੋਂ ਸਬੰਧ ਤੋੜ ਲੈਣ ਦਾ ਮੁਖ ਕਾਰਨ ਵਰਤਮਾਨ ਇਰਾਕੀ ਹਕੂਮਤ ਦਾ "ਪਛਮੀ" ਸਾਮਰਾਜੀਆਂ ਦੇ ਤਾਲ ਤੇ ਨਚਣ ਲਈ ਲੋੜੋਂ ਵਧ ਸ਼ੌਕ ਹੈ (ਹਾਸਾ) ਸਾਡਾ ਅਨੁਮਾਨ ਹੈ ਕਿ ਅਰਬੀ ਲੋਕ ਜਾਣਦੇ ਹਨ ਕਿ ਸੋਵੀਅਤ ਯੂਨੀਅਨ ਉਹਨਾਂ ਲਈ ਦੋਸਤਾਨਾ ਜਜ਼ਬੇ ਰਖਦਾ ਹੈ ਕਿ ਸੋਵੀਅਤ ਯੂਨੀਅਨ ਤੋਂ ਉਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਆਜ਼ਾਦੀ ਖੁਦ-ਮੁਖਤਾਰੀ ਤੇ ਕੌਮੀ ਸੁਤੰਤਰਤਾ ਦੀ ਰਾਖੀ ਲਈ ਭਰੋਸੇ-ਯੋਗ ਹਮਾਇਤ ਮਿਲਦੀ ਰਹੀ ਹੈ ਤੇ ਮਿਲਦੀ ਰਹੇਗੀ। (ਤਾੜੀਆਂ)

ਹਰ ਕੋਈ ਜਾਣਦਾ ਹੈ ਕਿ ਸੋਵੀਅਤ ਯੂਨੀਅਨ ਜਾਪਾਨ ਨਾਲ ਆਪਣੇ ਸਬੰਧਾਂ ਨੂੰ ਸਾਧਾਰਨ ਬਨਾਉਣ ਦਾ ਚਾਹਵਾਨ ਹੈ।

ਸੋਵੀਅਤ ਯੂਨੀਅਨ ਨੇ ਹੁਣ ਜਾਪਾਨੀ ਹਕੂਮਤ ਨਾਲ ਸਿਧਾ ਸਬੰਧ ਕਾਇਮ ਕਰ ਲਿਆ ਹੈ ਤੇ ਸਾਨੂੰ ਆਸ ਹੈ ਕਿ ਇਸ ਤੋਂ ਚੰਗੇ ਨਤੀਜੇ ਨਿਕਲਣਗੇ।

ਸੋਵੀਅਤ ਯੂਨੀਅਨ ਆਸਟਰੀਅਨ ਸਵਾਲ ਨੂੰ, ਇਕ ਜਮਹੂਰੀ ਆਸਟਰੀਆ ਨੂੰ ਪੂਰਨ ਸੁਤੰਤਰਤਾ ਦੀ ਬਹਾਲੀ ਦੇ ਸਵਾਲ ਨੂੰ ਯੋਰਪ ਵਿਚ ਅਮਨ ਦੀ ਸਥਾਪਤੀ ਤੇ ਪਕਿਆਈ ਦੇ ਹਿਤਾਂ ਅਨੁਸਾਰ ਨਿਪਟਾਣ ਨੂੰ ਚੋਖੀ ਮਹੱਤਤਾ ਦੇਂਦਾ ਹੈ।

ਸੋਵੀਅਤ ਹਕੂਮਤ ਦਾ ਵਿਚਾਰ ਹੈ ਕਿ ਆਸਟਰੀਆ ਨਾਲ ਇਕ ਸਟੇਟ ਸੰਧੀ ਕਰਨ ਵਿਚ ਹੋਰ ਢਿਲ ਮਠ ਕਿਸੇ ਤਰ੍ਹਾਂ ਵੀ ਯੋਗ ਨਹੀਂ। ਨਾਲ ਹੀ ਅਸੀਂ ਉਹਨਾਂ ਖਤਰਿਆਂ ਨੂੰ ਅਖੋਂ ਉਹਲੇ ਨਹੀਂ ਕਰ ਸਕਦੇ, ਜਿਹੜੇ ਪਛਮੀ ਜਰਮਨੀ ਦੀ ਮੁੜ-ਹਥਿਆਰਬੰਦੀ ਤੇ ਪੈਰਿਸ ਸਮਝੌਤਿਆਂ ਜਹੀਆਂ ਸਕੀਮਾਂ ਤੋਂ ਆਸਟਰੀਆ ਨੂੰ ਪੈ ਸਕਦੇ ਹਨ।

ਇਸ ਸਾਰੇ ਕੁਝ ਤੋਂ ਸੋਵੀਅਤ ਹਕੂਮਤ ਨੂੰ ਆਸਟਰੀਅਨ ਸਵਾਲ ਸਬੰਧੀ ਹੇਠ ਲਿਖੇ ਨਤੀਜੇ ਕੱਢਣ ਦਾ ਆਧਾਰ ਮਿਲ ਜਾਂਦਾ ਹੈ ?

ਪਹਿਲਾ : ਇਸ ਹਕੀਕਤ ਨੂੰ ਧਿਆਨ ਗੋਚਰੇ ਰਖਣਾ ਪੈਂਦਾ ਹੈ ਕਿ ਆਸਟਰੀਅਨ ਸਵਾਲ ਨੂੰ ਜਰਮਨ ਸਵਾਲ ਤੋਂ ਵਖਰਿਆਂ ਨਹੀਂ ਵਿਚਾਰਿਆ ਜਾ ਸਕਦਾ। ਖਾਸ ਤੌਰ ਤੇ ਜਦੋਂ ਪਛਮੀ ਜਰਮਨੀ ਨੂੰ ਮੁੜ ਹਥਿਆਰਬੰਦ ਕਰਨ ਦੀਆਂ ਪ੍ਰਚੱਲਤ ਸਕੀਮਾਂ ਦਾ ਖਿਆਲ ਕੀਤਾ ਜਾਏ, ਜਿਹੜੀਆਂ ਇਕ ਆਂਸਸ਼ਲੁਸ ਦਾ ਖਤਰਾ, ਆਸਟਰੀਆ

CC-0. In Public Domain. Gurukul Kangri Collection, Haridwar

ਦੇ [illegible] ।

Digitized by Arya Samaj Foundation Chennai and eGangotri

ਇਸ ਲਈ, ਇਕ ਸੁਤੰਤਰ ਤੇ ਜਮਹੂਰੀ ਆਸਟਰੀਆ ਦੀ ਮੁੜ-ਸਥਾਪਤੀ ਦੀ ਸਟੇਟ ਸੰਧੀ ਕਰਦਿਆਂ, ਅਜਿਹਾ ਹਲ ਲਭਣਾ ਪਵੇਗਾ, ਜਿਹੜਾ ਜਰਮਨੀ ਵਲੋਂ ਆਸਟਰੀਆ ਦੇ ਨਵੇਂ ਅਲਹਾਕ ਦੀ ਸੰਭਾਵਨਾ ਨੂੰ ਮੁਕਾ ਦਏ, ਤੇ ਇਸ ਲਈ ਲੋੜ ਪਰਤੀਤ ਹੁੰਦੀ ਹੈ ਕਿ ਚਾਰ ਤਾਕਤਾਂ ਜਰਮਨ ਸਵਾਲ ਦੇ ਸਿਲਸਲੇ ਵਿਚ ਆਪੋ ਵਿਚ ਪ੍ਰਵਾਨ ਮੁਨਾਸਬ ਕਾਰਵਾਈਆਂ ਕਰਨ। ਜੇ ਇਹ ਹੋ ਜਾਏ ਤਾਂ ਆਸਟਰੀਆ ਤੋਂ ਚਾਰ ਤਾਕਤਾਂ ਦੀਆਂ ਫੌਜਾਂ ਜਰਮਨੀ ਨਾਲ ਅਮਨ ਸੰਧੀ ਕਰਨ ਤੋਂ ਪਹਿਲੋਂ ਵਾਪਸ ਬੁਲਾ ਲਈਆਂ ਜਾਣ।

ਦੂਜਾ–ਆਸਟਰੀਆ ਨੂੰ ਇਕਰਾਰ ਕਰਨਾ ਹੋਏਗਾ ਕਿ ਉਹ ਕਿਸੇ ਵੀ ਅਜਿਹੀ ਕੁਆਲੀਸ਼ਨ ਜਾਂ ਫੌਜੀ ਗਠਜੋੜ ਵਿਚ ਨਹੀਂ ਰਲੇਗਾ, ਜਿਸ ਦਾ ਮੰਤਵ ਉਹਨਾਂ ਤਾਕਤਾਂ ਦਾ ਵਿਰੋਧੀ ਹੋਵੇ, ਜਿਨ੍ਹਾਂ ਦੀਆਂ ਹਥਿਆਰਬੰਦ ਫ਼ੌਜਾਂ ਨੇ ਹਿਟਲਰੀ ਜਰਮਨੀ ਦੇ ਖਿਲਾਫ਼ ਜੰਗ ਵਿਚ ਤੇ ਆਸਟਰੀਆ ਦੀ ਆਜ਼ਾਦੀ ਵਿਚ ਹਿੱਸਾ ਲਿਆ। ਨਾਲ ਹੀ ਆਸਟਰੀਆ ਆਪਣੀ ਧਰਤੀ ਤੇ ਬਦੇਸ਼ੀ ਫੌਜੀ ਅੱਡੇ ਕਾਇਮ ਨਹੀਂ ਹੋਣ ਦੇਵੇਗਾ।

ਅਮਰੀਕਾ, ਬਰਤਾਨੀਆਂ, ਫਰਾਂਸ ਤੇ ਸੋਵੀਅਤ ਯੂਨੀਅਨ ਦੀਆਂ ਹਕੂਮਤਾਂ ਨੂੰ ਇਹਨਾਂ ਸ਼ਰਤਾਂ ਤੇ ਕਾਇਮ ਰਹਿਣ ਦਾ ਇਕਰਾਰ ਕਰਨਾ ਹੋਏਗਾ।

ਤੀਜਾ–ਆਸਟਰੀਅਨ ਸਵਾਲ ਦੇ ਤੁਰਤ ਨਿਪਟਾਰੇ ਲਈ ਲੋੜ ਹੈ ਕਿ ਢਿਲ ਮਠ ਤੋਂ ਬਿਨਾ ਚਾਰ ਤਾਕਤਾਂ ਦੀ ਕਾਨਫਰੰਸ ਬੁਲਾਈ ਜਾਏ, ਜਿਹੜੀ ਜਰਮਨ ਸਵਾਲ ਤੇ ਆਸਟਰੀਆ ਨਾਲ ਸਟੇਟ ਸੰਧੀ ਦੇ ਸਵਾਲ, ਦੋਨਾਂ ਸਵਾਲਾਂ ਉਤੇ ਵਿਚਾਰ ਕਰੇ, ਨਿਰਸੰਦੇਹ ਆਸਟਰੀਅਨ ਸਟੇਟ ਸੰਧੀ ਦੇ ਸਵਾਲ ਦੇ ਨਿਪਟਾਰੇ ਵਿਚ ਆਸਟਰੀਆ ਜ਼ਰੂਰ ਹਿੱਸਾ ਲਵੇਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੇਰ ਵੀ, ਇਹ ਗੱਲ ਧਿਆਨ ਵਿਚ ਰਖਣੀ ਚਾਹੀਦੀ ਹੈ ਕਿ ਪਛਮੀ ਜਰਮਨੀ ਵਿਚ ਫੌਜ ਸ਼ਾਹੀ ਦੇ ਮੁੜ-ਉਭਾਰ ਦਾ ਰਾਹ ਖੋਲ੍ਹਣ ਵਾਲੇ ਪੈਰਿਸ ਸਮਝੌਤਿਆਂ ਦੀ ਪ੍ਰਵਾਨਗੀ ਜਰਮਨੀ ਵਲੋਂ ਆਸਟਰੀਆ ਦੇ ਹੜੱਪ ਕੀਤੇ ਜਾਣ ਦਾ ਸਖਤ ਖਤਰਾ ਪੈਦਾ ਕਰ ਦਏਗੀ। ਤੇ ਇਸ ਤਰ੍ਹਾਂ ਆਸਟਰੀਆ ਦੀ ਸੁਤੰਤਰਤਾ ਲਈ ਖਤਰਾ ਪੈਦਾ ਕਰ ਦਏਗੀ।

ਜਿਵੇਂ ਕਿ ਅਸੀਂ ਜਾਣਦੇ ਹਾਂ, ਪਿਛੇ ਜਿਹੇ ਸੋਵੀਅਤ ਯੂਨੀਅਨ ਤੇ ਯੂਗੋਸਲਾਵੀਆ ਵਿਚਕਾਰ ਸਬੰਧਾਂ ਵਿਚ ਤਰੱਕੀ ਹੋਈ ਹੈ।

ਅਸੀਂ ਇਹ ਨਹੀਂ ਸਮਝਦੇ ਕਿ ਇਸ ਸਿਲਸਲੇ ਵਿਚ ਸਾਰਾ ਕੁਝ ਕੀਤਾ ਜਾ ਚੁਕਿਆ ਹੈ, ਪਰ ਸਾਡਾ ਵਿਸ਼ਵਾਸ ਹੈ ਕਿ ਇਹ ਖੁਦ ਯੂਗੋਸਲਾਵੀਆ ਉਤੇ ਘਟ ਨਿਰਭਰ ਨਹੀਂ। ਪਰਤੱਖ ਹੈ ਕਿ ਇਹਨਾਂ ਪਿਛਲੇ ਵਰ੍ਹਿਆਂ ਵਿਚ ਯੂਗੋਸਲਾਵੀਆ ਕਿਸੇ ਹਦ ਤਕ ਉਸ ਪੁਜ਼ੀਸ਼ਨ ਤੋਂ ਹਟ ਗਿਆ ਹੈ, ਜਿਸ ਉਤੇ ਉਹ ਦੂਜੀ ਸੰਸਾਰ ਜੰਗ ਪਿਛੋਂ ਪਹਿਲੇ ਸਾਲਾਂ ਵਿਚ ਕਾਇਮ ਸੀ। ਇਹ ਨਿਰਸੰਦੇਹ, ਅਸਲੋਂ ਹੀ ਉਹਦਾ ਅੰਦਰੂਨੀ ਮਾਮਲਾ ਹੈ। ਸੋਵੀਅਤ ਯੂਨੀਅਨ ਯੂਗੋਸਲਾਵੀਆ ਨਾਲ ਆਰਥਕ, ਰਾਜਸੀ ਤੇ ਸਭਿਆਚਾਰਕ ਸਬੰਧ ਉੱਨਤ ਕਰਨ ਦਾ ਚਾਹਵਾਨ ਹੈ। ਸਾਡਾ ਵਿਸਵਾਸ਼ ਹੈ ਕਿ ਇਹ ਸੋਵੀਅਤ ਯੂਨੀਅਨ ਤੇ ਯੂਗੋਸਲਾਵੀਆ ਦੋਨਾਂ ਦੇ ਲੋਕਾਂ ਦੇ ਹਿਤਾਂ ਅਨੁਸਾਰ ਹੈ ਕਿ ਸੋਵੀਅਤ-ਯੂਗੋਸਲਾਵ ਸਬੰਧ ਸਫਲਤਾ ਨਾਲ ਉੱਨਤ ਹੋਣ।

ਮੈਂ ਅਗੇ ਇਹ ਜ਼ਿਕਰ ਕਰ ਚੁਕਾ ਹਾਂ ਕਿ ਸੋਵੀਅਤ ਯੂਨੀਅਨ ਤੇ ਪੋਲੈਂਡ, ਚੈਕੋਸਲੋਵਾਕੀਆ, ਹੰਗੇਰੀ, ਰੁਮਾਨੀਆ, ਬਲਗਾਰੀਆ ਤੇ ਅਲਬਾਨੀਆ ਜਹੀਆਂ ਲੋਕ ਜਮਹੂਰੀਅਤ ਤੇ ਜਰਮਨ ਲੋਕ ਜਮਹੂਰੀ ਰੀਪਬਲਿਕ ਵਿਚਕਾਰ ਸਬੰਧ ਕਿਸ ਤਰਾਂ ਉੱਨਤ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹੇ ਹਨ । ਇਹਨਾਂ ਦੇਸਾਂ ਨਾਲ ਭਰਾਤਰੀ ਮਿਤ੍ਰਤਾ ਲਈ ਤੇ ਅਮਨ ਦੀ ਸਥਾਪਤੀ ਲਈ ਅਤੇ ਲੋਕਾਂ ਦੇ ਜੀਵਨ-ਮਿਆਰਾਂ ਵਿਚ ਵਾਧੇ ਲਈ ਸਰਬ-ਪਖੀ ਮਿਲਵਰਤਨ ਦੇ ਆਧਾਰ ਤੇ ਸਬੰਧ ਚੰਗੀ ਤਰ੍ਹਾਂ ਉੱਨਤ ਹੋ ਰਹੇ ਹਨ ।

ਪੂਰਬ ਵਿਚ, ਭਰਾਤਰੀ ਮਿਤ੍ਰਤਾ ਤੇ ਵਿਸ਼ਾਲ ਮਿਲਵਰਤਨ ਦੇ ਈਹੋ ਸਬੰਧ ਸਾਡੇ ਦੇਸ ਤੇ ਚੀਨੀ ਲੋਕ ਰੀਪਲਿਕ, ਕੋਰੀਅਨ ਲੋਕ ਜਮਹੂਰੀ ਰੀਪਬਲਿਕ, ਮੰਗੋਲੀਅਨ ਲੋਕ ਰੀਪਬਲਿਕ ਤੇ ਵੀਅਤਨਾਮ ਦੀ ਜਮਹੂਰੀ ਰੀਪਬਲਿਕ ਵਿਚਕਾਰ ਵੀ ਉੱਨਤ ਹੋ ਰਹੇ ਹਨ ।

ਅਸੀਂ ਮਹਾਨ ਚੀਨੀ ਲੋਕ ਰੀਪਬਲਿਕ ਨਾਲ ਮਿਤ੍ਰਤਾ ਤੇ ਭਰੱਪਣ ਦੇ ਬੰਧਨਾਂ ਨਾਲ ਬੱਝੇ ਹੋਏ ਹਾਂ, ਜਿਹੜੇ ਹਰ ਸਾਲ ਹੋਰ ਤਕੜੇ ਹੁੰਦੇ ਜਾ ਰਹੇ ਹਨ । (ਲੰਮੀਆਂ ਤਾੜੀਆਂ)

ਪਿਛਲੇ ਸਾਲ ਕਾਮਰੇਡ ਐਨ. ਐਸ. ਖਰੂਸ਼ਚੇਵ, ਐਨ. ਏ, ਬੁਲਗਾਨਿਨ, ਏ. ਆਈ ਮਿਕੋਯਾਨ ਤੇ ਐਨ.ਐਮ. ਸੁਵਰਨੀਕ ਦੀ ਅਗਵਾਈ ਹੇਠ ਸੋਵੀਅਤ ਹਕੂਮਤ ਦ ਵਫ਼ਦ ਦੀ ਚੀਨ ਫੇਰੀ ਤੇ ਉਸ ਸਮੇਂ ਹੋਏ ਉਹ ਅਹਿਮ ਮੁਆਹਿਦੇ, ਜਿਹੜੇ ਆਰਥਕ ਮਿਲਵਰਤਨ ਦੇ ਖੇਤਰ ਵਿਚ ਤੇ ਕੌਮਾਂਤਰੀ ਮਾਮਲਿਆਂ ਵਿਚ ਮਿਲਵਰਤਨ ਸਬੰਧੀ ਕੀਤੇ ਗਏ, ਦੋ ਮਹਾਨ ਦੇਸਾਂ ਨੂੰ ਮਿਲਾਣ ਵਾਲੇ ਇਹਨਾਂ ਨਵੇਂ ਸਸ਼ਲਿਸਟ ਸਬੰਧਾਂ ਦਾ ਉਜਲਾ ਪ੍ਰਗਟਾਵਾ ਹਨ ।

ਉਹਨਾਂ ਦੇਸਾਂ ਨਾਲ ਜਿਨ੍ਹਾਂ ਦਾ ਮੈਂ ਜ਼ਿਕਰ ਕੀਤਾ ਹੈ ਤੇ ਹੋਰਨਾਂ ਦੇਸਾਂ ਨਾਲ ਵੀ ਸੋਵੀਅਤ ਯੂਨੀਅਨ ਅਜਿਹ ਸਬੰਧ ਕਾਇਮ ਰਖਣ ਦਾ ਚਾਹਵਾਨ ਹੈ ਜਿਹੜੇ ਸਰਬ-ਵਿਆਪਕ ਅਮਨ ਤੇ ਕੌਮਾਂਤਰੀ ਸੁਰਖਿਆ ਨੂੰ ਵਧਾਣ ਵਿਚ ਸਹਾਇਕ ਹੋਣ । ਸਾਨੂੰ ਇਹ ਵੇਖ ਕੇ ਡੂੰਘੀ ਤਸੱਲੀ ਹੁੰਦੀ ਹੈ ਕਿ ਇਸ ਨੀਤੀ ਨੂੰ ਯੋਰਪੀ ਤੇ ਏਸ਼ੀਆਈ, ਦੋਨਾਂ ਲੋਕ ਜਮਹੂਰੀਅਤਾਂ ਦੀ ਪੂਰੀ ਤੋਂ ਪੂਰੀ ਹਮਾਇਤ ਮਿਲਦੀ ਹੈ ਅਤੇ ਸਵੀਅਤ ਯੂਨੀਅਨ ਵਾਂਗ ਉਹ ਵੀ ਕੌਮਾਂਤਰੀ ਖਿਚਾਓ ਘਟਾਣ ਦੀ

CC-0. In Public Domain. Gurukul Kangri Collection, Haridwar

ਨੀਤੀ ਉਤੇ [illegible] ਅਮਲ ਕਰ ਰਹੀਆਂ ਹਨ। (ਤਾੜੀਆਂ)

Digitized by Arya Samaj Foundation Chennai and eGangotri

ਸੋਵੀਅਤ ਯੂਨੀਅਨ ਤੇ ਲੋਕ ਜਮਹੂਰੀਅਤਾਂ ਵਿਚਕਾਰ ਭਰਾਤਰੀ ਮਿਲਵਰਤਨ ਸਥਾਪਤ ਹੋ ਗਈ ਹੈ ਤੇ ਉਹ—ਰਾਜਸੀ, ਆਰਥਕ ਤੇ ਸਭਿਆਚਾਰਕ—ਸਾਰੇ ਖੇਤਰਾਂ ਵਿਚ ਲਗਾਤਾਰ ਪਕੇਰੀ ਹੁੰਦੀ ਜਾ ਰਹੀ ਹੈ। ਇਸ ਮਿਲਵਰਤਨ ਦਾ ਆਧਾਰ ਖੁਦ-ਮੁਖਤਾਰੀ ਤੇ ਕੌਮੀ ਸੁਤੰਤਰਤਾ ਦੇ ਨੇਮਾਂ ਦੀ ਇਕਸਾਰ ਪਾਲਣਾ ਹੈ। ਕੁਦਰਤੀ ਹੈ ਕਿ ਇਹਨੂੰ ਲੋੜ ਪੈਣ ਤੇ ਇਹਨਾਂ ਸਾਰੇ ਦੇਸਾਂ ਦੀ ਰਖਿਅਕ ਸ਼ਕਤੀ ਨੂੰ ਮਜ਼ਬੂਤ ਕਰਨ ਦੇ ਖੇਤਰ ਤਕ ਵਧਾ ਲਿਆ ਜਾਂਦਾ ਹੈ।

ਪਰ ਸੋਵੀਅਤ ਯੂਨੀਅਨ ਤੇ ਸੋਸ਼ਲਿਸਟ ਕੈਂਪ ਦੇ ਮੁਲਕਾਂ ਨੇ ਕਦੀ ਵੀ ਦੂਸਰੇ ਦੇਸਾਂ ਦੇ ਵਿਰੋਧੀ ਫ਼ੌਜੀ ਬਲਾਕ ਨਹੀਂ ਬਣਾਏ। ਨਾ ਹੀ ਉਹ ਭਵਿਖ ਵਿਚ ਬਣਾਉਣਗੇ। ਪਰ ਜਰਮਨ ਫ਼ੌਜੀ ਸ਼ਾਹੀ ਨੂੰ ਮੁੜ-ਉਭਾਰਨ ਤੇ ਪੁਰਅਮਨ ਮੁਲਕਾਂ ਉਤੇ ਹਮਲੇ ਦੀ ਤਿਆਰੀ ਕਰਨ ਦੇ ਨਿਸ਼ਾਨੇ ਵਾਲੀਆਂ ਹਮਲਾਵਰ ਸਕੀਮਾਂ ਦੀ ਪੂਰਤੀ ਦੀ ਹਾਲਤ ਵਿਚ ਉਹ ਆਪਣੀ ਸੁਰਖ਼ਿਆ ਦੀ ਰਾਖੀ ਲਈ ਆਪਣੇ ਜਤਨ ਇਕ ਕਰਨ ਤੇ ਮਜਬੂਰ ਹੋ ਜਾਣਗੇ।

ਹੁਣ ਤਕ ਸੋਸ਼ਲਿਸਟ ਧੜੇ ਦੇ ਦੇਸਾਂ ਨੂੰ ਆਪਣੇ ਫ਼ੌਜੀ ਜਤਨ ਇਕ ਕਰਨ ਦੀ ਕੋਈ ਲੋੜ ਨਹੀਂ ਸੀ। ਉਹਨਾਂ ਵਿਚਕਾਰ ਸਾਰੇ ਖੇਤਰਾਂ ਵਿਚ ਜਿਸ ਕਿਸਮ ਦੇ ਏਕੇ ਦੀ ਵੀ ਲੋੜ ਪੈਂਦੀ, ਉਹ ਮਿਤ੍ਰਤਾ ਤੇ ਭਰੱਪਣ ਦੇ ਅਟੁਟ ਸਬੰਧ ਸਦਕਾ ਮਜ਼ਬੂਤ ਅਮਲੀ ਨੇੜਤਾ ਤੇ ਆਪਸੀ ਸਹਾਇਤਾ ਰਾਹੀਂ ਕਰ ਲਿਆ ਗਿਆ ਤੇ ਕਰ ਲਿਆ ਜਾਂਦਾ ਹੈ।

ਇਸ ਦਾ ਨਤੀਜਾ ਇਹ ਹੈ ਕਿ ਸੋਵੀਅਤ ਯੂਨੀਅਨ ਤੇ ਲੋਕ ਜਮਹੂਰੀਅਤਾਂ ਸਮੇਤ ੧੨ ਦੇਸ, ਜਿਨ੍ਹਾਂ ਦੀ ਕੁਲ ਵਸੋਂ ੯੦ ਕਰੋੜ ਹੈ, ਅਮਨ ਜਮਹੂਰੀਅਤ ਤੇ ਸੋਸ਼ਲਿਜ਼ਮ ਦਾ ਸੰਗੱਠਤ ਕੈਂਪ ਹਨ। (ਤਾੜੀਆਂ) ਇਹਨਾਂ ਦੇਸਾਂ ਵਿਚ ਤਾਕਤ ਮਿਹਨਤਕਸ਼ ਲੋਕਾਂ ਦੇ ਹਥਾਂ

CC-0. In Public Domain. Gurukul Kangri Collection, Haridwar

ਵਿਚ ਹੈ, ਜਿਨ੍ਹਾਂ ਨੂੰ ਸਾਰੇ ਜ਼ਰੂਰੀ ਮਸਲਿਆਂ ਸਬੰਧੀ ਆਪੋ ਵਿਚ ਸਮਝੌਤਾ ਕਰਨ ਵਿਚ ਕੋਈ ਔਖਿਆਈ ਨਹੀਂ ਹੁੰਦੀ, ਜਿਨ੍ਹਾਂ ਨੂੰ ਸਾਮਰਾਜੀਆਂ ਵਿਚ ਪ੍ਰਚੱਲਤ ਜਾਂਗਲੀ ਰੁੱਚੀਆਂ ਤੇ ਵਹਿਸ਼ੀ ਖਿਚੋਤਾਣ ਨਹੀਂ ਛੋਹ ਸਕਦੀਆਂ ।

Digitized by Arya Samaj Foundation Chennai and eGangotri

ਤੇ ਕਿਉਂਕਿ ਸੋਵੀਅਤ ਯੂਨੀਅਨ ਸਰਬ ਵਿਆਪਕ ਅਮਨ ਦੇ ਨਿਸ਼ਾਨੇ ਤੇ ਸਮਾਜੀ ਨਜ਼ਾਮ ਦੇ ਭਿੰਨ ਭੇਤ ਤੋਂ ਬਿਨਾ ਕੌਮਾਂ ਦੀ ਖ਼ੁਦ-ਮੁਖਤਾਰੀ ਤੇ ਕੌਮੀ ਸੁਤੰਤਰਤਾ ਦੀ ਨਿਰ-ਉਲੰਘਣਾ ਨੂੰ ਉੱਚਾ ਰਖਦਾ ਹੈ, ਇਸ ਦੀ ਬਦੇਸ਼ੀ ਨੀਤੀ ਨੂੰ ਦੂਜੀਆਂ ਕੌਮਾਂ ਦੀ ਛੋਟੇ ਵਡੇ ਹੋਰਨਾਂ ਦੇਸਾਂ ਵੀ ਹਮਾਇਤ ਮਿਲਦੀ ਹੈ ।

ਮਿਸਾਲ ਲਈ, ਸੋਵੀਅਤ ਯੂਨੀਅਨ ਇਸ ਹਕੀਕਤ ਦੀ ਮਹੱਤਤਾ ਘਟਾ ਕੇ ਨਹੀਂ ਵੇਖ ਸਕਦਾ ਕਿ ਹਿੰਦੁਸਤਾਨ ਤੇ ਬਰਮਾ ਨੇ ਚੀਨੀ ਲੋਕ ਰੀਪਬਲਿਕ ਨਾਲ ਰਲ ਕੇ ਮੁਲਕਾਂ ਵਿਚਕਾਰ ਪੁਰ-ਅਮਨ ਵਿਲਵਰਤਨ ਦੇ ਪੰਜ ਅਸੂਲਾਂ (ਨਾਲੋ ਨਾਲ ਅਮਨ ਸਾਹਿਤ ਵਸਣਾ, ਦੂਜਿਆਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਅੰਦਾਜ਼ੀ ਨਾ ਕਰਨੀ, ਹਮਲਾਵਰੀ ਤੋਂ ਪਰਹੇਜ਼ ਆਦ) ਦਾ ਐਲਾਨ ਕੀਤਾ ਹੈ—ਅਸੂਲਨ, ਜਿਨ੍ਹਾਂ ਉਤੇ ਸੋਵੀਅਤ ਯੂਨੀਅਨ ਦੀ ਬਦੇਸ਼ੀ ਪਾਲਸੀ ਦੀ ਬੁਨਿਆਦ ਮੁਢ ਤੋਂ ਰਹੀ ਹੈ ਤੇ ਜਿਨ੍ਹਾਂ ਨੂੰ ਹੁਣ ਸਾਰੇ ਸੰਸਾਰ ਵਿਚ ਏਨੀ ਦੋਸਤਾਨਾ ਹਮਾਇਤ ਮਿਲਦੀ ਹੈ ।

ਸਾਨੂੰ ਸਾਰੇ ਦੇਸਾਂ ਦੀਆਂ ਹਕੂਮਤਾਂ ਤੇ ਪਾਰਲੀਮੈਂਟਾਂ ਤੋਂ ਪੁਛਣ ਦਾ ਹਕ ਹੈ : ੨੮ ਜੂਨ, ੧੯੫੪ ਦੇ ਹਿੰਦ-ਚੀਨੀ ਐਲਾਨ ਵਿਚ ਹੁਣ ਤਰਤੀਬੇ ਗਏ ਇਹਨਾਂ ਪੁਰਅਮਨ ਅਸੂਲਾਂ ਨੂੰ ਸਾਰੀਆਂ ਕੌਮਾਂ ਦੇ ਅਮਨ ਨੂੰ ਕਾਇਮ ਰਖਣ ਤੇ ਪਕਿਆਂ ਕਰਨ ਦਾ ਆਮ ਪਲੈਟਫਾਰਮ ਕਿਉਂ ਨਾ ਬਣਾਇਆ ਜਾਏ ? (ਤਾੜੀਆਂ)

ਸੋਵੀਅਤ ਯੂਨੀਅਨ ਦੀ ਪੁਰਅਮਨ ਨੀਤੀ ਦੇ ਸਰਮਾਏਦਾਰ ਧੜੇ ਦੇ ਦੇਸਾਂ ਅੰਦਰ ਵੀ ਚੋਖੇ ਤੇ ਭਰੋਸੇ-ਯੋਗ ਮਿੱਤਰ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸੀਂ ਜਾਣਦੇ ਹਾਂ ਕਿ ਇਹ ਮਿੱਤਰ ਕੌਣ ਹਨ।

ਸਭ ਤੋਂ ਪਹਿਲੋਂ ਇਹਨਾਂ ਵਿਚ ਮਜ਼ਦੂਰ ਜਮਾਤ ਆਉਂਦੀ ਹੈ, ਜਿਹੜੀ ਕਿਤੇ ਵੀ ਜੰਗ ਨਹੀਂ ਚਾਹੁੰਦੀ, ਤੇ ਜਿਹਦੀਆਂ ਸਫਾਂ ਵਿਚ ਜੰਗ ਬਾਜ਼ਾਂ ਦੇ ਖਿਲਾਫ਼ ਤੇ ਕੌਮਾਂ ਵਿਚਕਾਰ ਅਮਨ ਦੇ ਵਾਧੇ ਲਈ ਸਰਗਰਮ ਸੰਗਰਾਮੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਸੋਵੀਅਤ ਯੂਨੀਅਨ ਦੀ ਪੁਰਅਮਨ ਨੀਤੀ ਨੂੰ ਹਮੇਸ਼ਾ ਹੀ ਲਖਾਂ ਕਿਸਾਨਾਂ ਦੀ ਦੋਸਤਾਨਾ ਹਮਾਇਤ ਮਿਲਦੀ ਰਹੀ ਹੈ, ਤੇ ਹੁਣ ਵੀ ਮਿਲ ਰਹੀ ਹੈ, ਕਿਉਂਕਿ ਇਨ੍ਹਾਂ ਨੂੰ ਜੰਗ ਤੋਂ ਮੰਦਹਾਲੀ ਤੇ ਬਦ-ਨਸੀਬੀ ਤੋਂ ਸਿਵਾ ਹੋਰ ਕੁਝ ਨਹੀਂ ਮਿਲਦਾ। ਸੋਸ਼ਲਿਸਟ ਕੈਂਪ ਦੀਆਂ ਹੱਦਾਂ ਤੋਂ ਦੂਰ ਦੁਰੇਡੇ ਸ਼ਹਿਰਾਂ ਤੇ ਪਿੰਡਾਂ ਵਿਚ ਅਮਨ ਲਹਿਰ ਵਧ ਰਹੀ ਹੈ ਤੇ ਅਮੀਰ ਜਮਾਤ ਸਮੇਤ ਵਸੋਂ ਦੇ ਸਾਰੇ ਭਾਗਾਂ ਵਿਚ ਫੈਲ ਰਹੀ ਹੈ ਤੇ ਅਮਨ ਤੇ ਮੁਲਕਾਂ ਵਿਚਕਾਰ ਬਾਕਾਇਦਾ ਸਬੰਧਾਂ ਲਈ, ਇਸ ਲਹਿਰ ਦੀ ਹਰ ਸੱਚੀ ਸਫਲਤਾ ਤੇ ਸਾਰੇ ਸੋਵੀਅਤ ਲੋਕ ਖੁਸ਼ੀਆਂ ਮਨਾਂਦੇ ਹਨ।

ਜਿਥੋਂ ਤਕ ਅਮ੍ਰੀਕਾ ਦੀ ਤੇ ਉਹਨਾਂ ਦੇਸ਼ਾਂ ਦੀ ਬਦੇਸੀ ਨੀਤੀ ਦਾ ਸਵਾਲ ਹੈ, ਜਿਹੜੇ ਅਮ੍ਰੀਕਾਂ ਦੀ ਬਦੇਸ਼ੀ ਨੀਤੀ ਦੇ ਪਿਛ-ਲਗ ਹਨ, ਕਈ ਤਰ੍ਹਾਂ ਨਾਲ, ਉਸ ਦਾ ਨਿਸ਼ਾਨਾ ਬਿਲਕੁਲ ਉਲਟੇ ਪਾਸੇ ਹੈ।

ਜਦੋਂ ਕਿ ਸੋਵੀਅਤ ਯੂਨੀਅਨ ਸਾਰੇ ਦੇਸ਼ਾਂ ਨਾਲ ਵਿਹਾਰਕ ਸਬੰਧ ਵਧਾਣ ਤੇ ਕੌਮਾਂਤਰੀ ਤਿਜਾਰਤ ਨੂੰ ਉੱਨਤ ਕਰਨ ਦਾ ਹਾਮੀ ਹੈ, ਅਮ੍ਰੀਕਾ ਦੇ ਹਾਕਮ ਹਲਕੇ ਸੋਵੀਅਤ ਯੂਨੀਅਨ ਤੇ ਹੋਰਨਾਂ ਜਮਹੂਰੀ ਦੇਸ਼ਾਂ ਦੇ ਸਬੰਧ ਵਿਚ ਇਸ ਤੋਂ ਬਿਲਕੁਲ ਉਲਟੀ ਨੀਤੀ ਉਤੇ ਅਮਲ ਕਰਦੇ ਹਨ।

ਅਮ੍ਰੀਕਾ ਸੋਵੀਅਤ ਯੂਨੀਅਨ ਦੀ ਬਦੇਸ਼ੀ ਤਿਜਾਰਤ ਵਿਚ ਵਿਘਨ ਪਾਣ, ਚੀਨ ਤੇ ਹੋਰਨਾਂ ਦੇਸ਼ਾਂ ਵਿਚਕਾਰ, ਵਿਹਾਰਕ ਵਟਾਂਦਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਕਣ ਤੋਂ ਜੇ ਸੰਭਵ ਹੋਵੇ ਤਾਂ ਜਮਹੂਰੀ ਦੇਸ਼ਾਂ ਤੇ ਉਹਨਾਂ ਦੇਸਾਂ ਵਿਚਕਾਰ ਤਿਜਾਰਤ ਨੂੰ ਮੂਲੋਂ ਮੁਕਾਣ ਖਾਤਰ ਕੋਈ ਕਸਰ ਨਹੀਂ ਛਡਦਾ, ਜੋ ਅਮ੍ਰੀਕਾ ਦੀ ਈਨ ਮੰਨਦੇ ਹਨ।

ਇਸ ਮੰਤਵ ਲਈ, ਅਮ੍ਰੀਕਾ ਦੀ ਹਕੂਮਤ ਤੇ ਕਾਂਗਰਸ ਨੇ, ਪਿਛਲੇ ਕੁਝ ਵਰ੍ਹਿਆਂ ਵਿਚ ਕਿੰਨੇ ਹੀ ਕਾਨੂੰਨ ਤੇ ਜ਼ਾਬਤੇ ਘੜੇ ਹਨ। ਅਮ੍ਰੀਕੀ ਸੈਨੇਟਰਾਂ ਤੇ ਵਜ਼ੀਰਾਂ ਨੇ ਆਗਿਆ ਦਾ ਪਾਲਣ ਨਾ ਕਰਨ ਵਾਲੇ ਦੇਸ਼ਾਂ ਨੂੰ ਅਮੁਕ ਡਰਾਵੇ ਦਿਤੇ ਹਨ। ਏਸੇ ਹੀ ਨਿਸ਼ਾਨੇ ਦੀ ਪੂਰਤੀ ਲਈ ਅਮ੍ਰੀਕੀ ਨਿਗਰਾਨ ਕਮੇਟੀਆਂ ਦੀ ਭੀੜ ਲਾ ਦਿਤੀ ਗਈ ਹੈ ਮਤੇ ਕੋਈ–ਰਬ ਨਾ ਕਰੇ! ਅਮ੍ਰੀਕੀ, ਬਰਤਾਨਵੀ, ਡੈਨਿਸ਼, ਪਛਮੀ ਜਰਮਨ ਜਾਂ ਇਟੇਲੀਅਨ ਵਪਾਰੀ ਸੋਵੀਅਤ ਯੂਨੀਅਨ ਜਾਂ ਬਲਗਾਰੀਆ ਜਾਂ ਚੀਨ ਜਾਂ ਹੰਗੇਰੀ ਕੋਲ ਬਦੇਸ਼ ਵਿਚ ਘਲਣ ਲਈ ਬਣਾਈਆਂ ਚੀਜ਼ਾਂ ਵੇਚਣ ਦੀ ਕੋਸ਼ਸ਼ ਕਰ ਬੈਠੇ। ਅਤੇ ਅਮ੍ਰੀਕਾ ਦਬਾ ਪਾਣ ਤੇ ਆਪਣੀ ਮਰਜ਼ੀ ਠੋਸਣ ਦੀਆਂ ਅਜਿਹੀਆਂ ਕਾਰਵਾਈਆਂ ਤੇ ਉਤਰ ਆਉਂਦਾ ਹੈ ਕਿ ਕਿਨੇ ਹੀ ਸਨਅਤਕਾਰ ਤੇ ਵਪਾਰੀ ਸਚੀ ਮੁਚੀ ਡਰ ਜਾਂਦੇ ਹਨ ਤੇ ਦੂਜੇ ਦੇਸਾਂ ਨਾਲ ਤਿਜਾਰਤ ਵਧਾਣ ਤੋਂ ਪਿਛੇ ਹਟ ਜਾਂਦੇ ਹਨ।

ਪਰ, ਹੈਰਾਨੀ ਦੀ ਗਲ ਹੈ, ਕਿ ਅਮ੍ਰੀਕਾ ਅਜ ਤੀਕ ਇਹ ਸਮਝਣ ਤੋਂ ਅਸਮਰਥ ਹੈ ਕਿ ਇਸ ਤਰਾਂ ਉਹ ਕੁਝ ਹਾਸਲ ਨਹੀਂ ਹੋ ਰਿਹਾ ਜਿਸ ਦੀ ਉਸ ਨੂੰ ਚਾਹਨਾ ਹੈ।

ਸੋਵੀਅਤ ਯੂਨੀਅਨ ਤੇ ਲੋਕ ਜਮਹੂਰੀਅਤਾਂ ਦੇ ਖਿਲਾਫ ਅਮ੍ਰੀਕੀ ਅਧਿਕਾਰੀਆਂ ਵਲੋਂ ਕੀਤੀਆਂ ਇਹਨਾਂ ਸਾਰੀਆਂ ਵਿਘਨ-ਪਾਊ ਤੇ ਵਿਤਕਰੇ-ਭਰੀਆਂ ਕਾਰਵਾਈਆਂ ਦੇ ਬਾਵਜੂਦ ਉਹ ਇਹਨਾਂ ਦੇਸਾਂ ਤੇ ਸਰਮਾਏਦਾਰ ਸੰਸਾਰ ਵਿਚਕਾਰਲੀ ਤਿਜਾਰਤ ਨੂੰ ਰੋਕ ਨਹੀਂ ਸਕੇ। ਇਸ ਤੇ ਹੀ ਬਸ ਨਹੀਂ, ਇਸ ਜਾਬਰ ਨੀਤੀ ਨੇ ਜਮਹੂਰੀ ਕੈਂਪ ਦੇ ਦੇਸਾਂ ਵਿਚ ਆਰਥਕ ਵਟਾਂਦਰੇ ਦੀ ਉਨਤੀ ਨੂੰ ਤੇਜ਼ ਕਰਨ ਦਾ ਅਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਾਇਆ ਹੈ। ਤੇ ਇਹਨੇ, ਆਪਣੀ ਵਾਰੀ, ਜਮਹੂਰੀ ਮੁਲਕਾਂ ਵਿਚਕਾਰ ਆਰਥਕ ਤੇ ਰਾਜਸੀ, ਦੋਨਾਂ ਤਰ੍ਹਾਂ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਵਿਚ ਸਹਾਇਤਾ ਦਿਤੀ ਹੈ।

ਸੋਵੀਅਤ ਯੂਨੀਅਨ ਦੀ ਤਿਜਾਰਤ ਅਟਕਾਉਣ ਦੇ ਵਿਚਾਰ ਦੇ ਖਾਸ ਤੌਰ ਤੇ ਮੋਹੇ ਹੋਏ ਕੁਝ ਅਮ੍ਰੀਕੀ ਆਗੂਆਂ ਨੇ ਸਾਡੇ ਦੇਸ ਦੀ ਜੰਗੋਂ ਮਗਰਲੀ ਮੁੜ ਬਹਾਲੀ ਪਛੜਾਣ ਦੇ ਅੰਦਾਜ਼ੇ ਲਾਏ ਹੋਏ ਸਨ। ਉਹਨਾਂ ਦਾ ਖਿਆਲ ਸੀ ਕਿ ਜੰਗੋਂ ਪਹਿਲੀ ਆਰਥਕਤਾ ਦੀ ਮੁੜ-ਬਹਾਲੀ ਵਿਚ ਸੋਵੀਅਤ ਯੂਨੀਅਨ ਨੂੰ ਦਹਾਕੇ ਲਗ ਜਾਣਗੇ। ਪਰ ਕੀ ਸੋਵੀਅਤ ਯੂਨੀਅਨ ਦੇ ਇਸ ਅਜਲਾਸ ਵਿਚ ਕੌਮੀ ਬੱਜਟ ਉਤੇ ਹੋਈ ਬਹਿਸ ਨੇ ਇਕ ਵਾਰ ਫਿਰ ਨਹੀਂ ਦਰਸਾ ਦਿਤਾ ਕਿ ਉਹਨਾਂ ਦੇ ਗਲਤ ਅਨੁਮਾਨ ਕਿੰਨੇ ਬੇ-ਥਵੇ ਸਨ?

ਮੈਂ ਮਿਸਾਲ ਲਈ ਸਿਰਫ਼ ਇਕੋ ਹਕੀਕਤ ਦਸਾਂਗਾ।

ਸਾਡੇ ਵਿਚੋਂ ਕਿਸੇ ਨੂੰ ਕੋਈ ਸ਼ਕ ਨਹੀਂ ਕਿ ਸਾਲ ੧੯੫੫ ਲਈ ਪਰਵਾਨ ਹੋਏ ਕੌਮੀ ਬੱਜਟ ਤੇ ਕੌਮੀ ਆਰਥਕ ਪਲਾਨ, ਦੋਵੇਂ ਸਫ਼ਲਤਾ ਨਾਲ ਪੂਰੇ ਹੋ ਜਾਣਗੇ ਤੇ ਜਦੋਂ ਚਲੰਤ ਸਾਲ ਦੀ ਕੌਮੀ ਆਰਥਕ ਪਲਾਨ ਸਿਰੇ ਚੜ੍ਹ ਗਈ ਤਾਂ ਸਾਡੀ ਸਨਅਤ ਨੇ ਜੰਗ ਤੋਂ ਪਹਿਲੋਂ ਸਾਡੇ ਦੇਸ ਦੀ ਸਨਅਤੀ ਪੈਦਾਵਾਰ ਦੀ ਰਫ਼ਤਾਰ ਨਾਲੋਂ ਤੀਣੀ ਤੋਂ ਵਧ ਰਫ਼ਤਾਰ ਪਰਾਪਤ ਕਰ ਲਈ ਹੋਏਗੀ।

(ਉਚੀਆਂ ਤਾੜੀਆਂ)

ਇਸ ਵਿਚ ਇਹ ਗਲ ਸ਼ਾਮਲ ਕਰ ਲਓ ਕਿ ਖੇਤੀ ਬਾੜੀ ਦੇ ਖੇਤਰ ਵਿਚ ਸਾਂਝੇ ਖੇਤਾਂ ਤੇ ਸਟੇਟ ਫ਼ਾਰਮਾਂ ਦੀ ਉਨਤੀ ਦਾ ਕੰਮ, ਜਿਹੜਾ ਹੁਣ ਕਮਿਊਨਿਸਟ ਪਾਰਟੀ ਤੇ ਸੋਵੀਅਤ ਹਕੂਮਤ ਦੇ ਲਏ ਗਏ ਫ਼ੈਸਲਿਆਂ ਦੇ ਆਧਾਰ ਤੇ ਸ਼ੁਰੂ ਕੀਤਾ ਗਿਆ ਹੈ, ਵਧੇਰੇ ਤੇ ਹਣ ਤਕ ਬੇਮਿਸਾਲ ਤਰੱਕੀ ਵਲ ਲਿਜਾਏਗਾ। ਇਸ ਖੇਤਰ ਦੇ ਨਵੇਂ ਤੇ ਸੱਚੇ ਤੌਰ ਤੇ ਮਨ-ਮੋਹਣੇ ਟੀਚਿਆਂ ਲਈ ਸੋਵੀਅਤ ਸਟੇਟ ਵਲੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋਰ ਵਡੇਰੀ ਘਾਲਣਾ ਦੀ ਲੋੜ ਪਵੇਗੀ। ਪਰ ਇਹ ਬਿਲਕੁਲ ਪਰਤੱਖ ਹੈ ਕਿ ਇਹ ਟੀਚੇ ਹੁਣ ਸਿਆਣੇ ਹੋ ਚੁਕੇ ਸਾਂਝੇ ਖੇਤਾਂ ਤੇ ਸਟੇਟ ਫ਼ਾਰਮਾਂ ਦੇ ਚੰਗੀ ਤਰ੍ਹਾਂ ਵਸ ਵਿਚ ਹਨ। ਇਸ ਹਕੀਕਤ ਦੇ ਦੱਸਣ ਦੀ ਲੋੜ ਹੀ ਨਹੀਂ ਕਿ ਇਹਨਾਂ ਨਿਹਾਇਤ ਅਹਿਮ ਟੀਚਿਆਂ ਦੀ ਪੂਰਤੀ ਲਈ ਸਾਨੂੰ ਸਾਰੇ ਮਹਾਨ ਸੋਵੀਅਤ ਲੋਕਾਂ ਦੀ ਲੋੜੀਂਦੀ ਸਹਾਇਤਾ ਮਿਲੇਗੀ। (ਲੰਮੀਆਂ ਤਾੜੀਆਂ)

ਜਿਥੋਂ ਤਕ ਵਿਹਾਰਕ ਸਬੰਧਾਂ ਦਾ ਸਵਾਲ ਹੈ, ਇਹ ਜਾਣ ਲਿਆ ਜਾਏ ਕਿ ਅਸੀਂ ਸਾਧਾਰਨ ਕੌਮਾਂਤਰੀ ਤਿਜਾਰਤ ਤੇ ਨਰੋਈ ਆਰਥਕ ਮਿਲਵਰਤਨ ਦੇ ਹਕ ਵਿਚ ਹਾਂ। ਸਰਮਾਏਦਾਰਾ ਤੇ ਸੋਸ਼ਲਿਸਟ ਨਜ਼ਾਮਾਂ ਵਿਚਕਾਰ ਸੁਚੇ-ਦਿਲੋਂ ਆਰਥਕ ਮੁਕਾਬਲੇ ਵਿਚ ਕੀ ਮਾੜੀ ਗਲ ਹੈ? ਯਕੀਨੀ ਤੌਰ ਤੇ ਵੀਹਵੀਂ ਸਦੀ ਦੇ ਅਧ ਵਿਚ ਇਸ ਤੋਂ ਚੰਗੇਰੀ ਗਲ ਹੋਰ ਕੋਈ ਨਹੀਂ।

(ਤਾੜੀਆਂ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੪. ਅਮ੍ਰੀਕਾ ਦੀ ਹਮਲਾਕਰੂ ਨੀਤੀ ਅਮਨ ਲਈ ਖਤਰਾ ਹੈ

ਜੇ ਆਰਥਕ ਖੇਤਰ ਵਿਚ ਅਮ੍ਰੀਕਾ ਦੀ "ਤਾਕਤ ਦੀ ਨੀਤੀ" ਦਾ ਨਤੀਜਾ ਕੌਮਾਂਤਰੀ ਤਿਜਾਰਤ ਵਿਚ ਹਰ ਤਰ੍ਹਾਂ ਦੀਆਂ ਰੋਕਾਂ ਤੇ ਵਿਤਕਰੇ-ਭਰੀਆਂ ਕਾਰਵਾਈਆਂ ਨਿਕਲਦਾ ਹੈ ਤਾਂ ਫੌਜੀ ਤੇ ਰਾਜਸੀ ਖੇਤਰ ਵਿਚ ਇਹਦਾ ਮੁਖ ਪ੍ਰਗਟਾਵਾ ਹਰ ਤਰ੍ਹਾਂ ਦੇ ਫੌਜੀ-ਰਾਜਸੀ ਬਲਾਕਾਂ ਤੇ ਗਠ ਜੋੜਾਂ ਦੀ ਸਥਾਪਤੀ ਵਿਚ ਹੁੰਦਾ ਹੈ।

ਜਿਵੇਂ ਕਿ ਅਸੀਂ ਜਾਣਦੇ ਹਾਂ, ਇਹਨਾਂ ਵਿਚ ਪਹਿਲੀ ਥਾਂ ਉਤਰੀ ਅਟਲਾਂਟਕ ਗਠਜੋੜ ਦੀ ਹੈ, ਜਿਹੜਾ ਅਮ੍ਰੀਕਾ ਦੀ ਛਤਰ ਛਾਇਆ ਹੇਠ ਅੰਗਰੇਜ਼-ਅਮ੍ਰੀਕੀ ਧੜੇ ਨੇ ਉਸਾਰਿਆ ਹੈ। ਇਸ ਦੇ ਮੈਂਬਰ ਅਮ੍ਰੀਕਾ, ਬਰਤਾਨੀਆ, ਫਰਾਂਸ, ਇਟਲੀ, ਕਨੇਡਾ, ਬੈਲਜੀਅਮ, ਹਾਲੈਂਡ, ਲਕਸਮਬਰਗ, ਡਨਮਾਰਕ, ਨਾਰਵੇ, ਆਇਸਲੈਂਡ, ਪੁਰਤਗਾਲ, ਯੂਨਾਨ ਤੇ ਤੁਰਕੀ ਹਨ।

ਹੋਰ ਫੌਜੀ ਤੇ ਰਾਜਸੀ ਗਠਜੋੜ ਵੀ ਏਸੇ ਤਰ੍ਹਾਂ ਅਮ੍ਰੀਕਾ ਦੀ ਛਤਰ ਛਾਇਆ ਹੇਠ ਸਿਰਜੇ ਗਏ ਹਨ।

ਇਹਨਾਂ ਵਿਚੋਂ ਹੇਠ ਲਿਖਿਆਂ ਦਾ ਨਾਂਅ ਲਿਆ ਜਾ ਸਕਦਾ ਹੈ। ਜਿਨ੍ਹਾਂ ਦੀ ਉਸਾਰੀ ਨੂੰ ਪਿਛਲੇ ਕੁਝ ਸਾਲਾਂ ਵਿਚ ਸੰਧੀਆਂ ਜਾਂ ਹੋਰ ਸਮਝੌਤਿਆਂ ਰਾਹੀਂ ਰਸਮੀ ਸ਼ਕਲ ਦੇ ਦਿਤੀ ਗਈ ਹੈ: ਅਮ੍ਰੀਕਾ, ਆਸਟਰੇਲੀਆ ਤੇ ਨਿਊਜ਼ੀਲੈਂਡ ਵਿਚਕਾਰਲੀ ਸੰਧੀ, ਅਮ੍ਰੀਕਾ ਤੇ ਜਾਪਾਨ ਵਿਚਕਾਰਲੀ ਸੰਧੀ; ਦਖਣ ਪੂਰਬੀ ਏਸ਼ੀਆਈ ਸੰਧੀ (ਸੀਟੋ), ਅਮ੍ਰੀਕਾ ਤੇ ਦੀਵਾਲੀਏ ਚਿਆਂਗ ਕਈ-ਸ਼ੇਕ ਵਿਚਕਾਰਲੀ

CC-0. In Public Domain. Gurukul Kangri Collection, Haridwar

ਸੰਧੀ (ਹਾਸ਼ਾ); ਅਮਰੀਕਾ ਤੇ ਦਖਣੀ ਕੋਰੀਆ ਦੀ ਸਿੰਗਮੈਨ ਰ੍ਹੀ ਜੁੰਡੀ
Digitized by Arya Samaj Foundation Chennai and eGangotri
ਵਿਚਕਾਰਲੀ ਸੰਧੀ; ਅਮ੍ਰੀਕਾ, ਫਰਾਂਸ, ਬਾਓ ਦਾਈ ਦੇ ਵੀਅਤ-ਨਾਮ, ਲਾਓਸ ਤੇ ਕਮਬੋਡੀਆ ਵਿਚਕਾਰਲਾ ਸਮਝੌਤਾ। ਨਿਰਸੰਦੇਹ, ਹਰ ਕੋਈ ਇਹਨਾਂ ਸੰਧੀਆਂ ਤੇ ਸਮਝੌਤਿਆਂ ਦੀ ਮਹੱਤਤਾ ਤੋਂ ਜਾਣੂ ਹੈ, ਜਿਹੜੇ ਇਸ ਲਈ ਕੀਤੇ ਗਏ ਹਨ ਤਾਂ ਜੋ ਇਕ ਦੂਜੇ ਤਰੀਕੇ ਨਾਲ, ਚਿਆਂਗ ਕਈ-ਸ਼ੇਕ ਜੁੰਡੀ ਦੀ ਤਾਇਵਾਨ ਵਿਚ ਹਮਾਇਤ ਕੀਤੀ ਜਾਏ, ਜਿਸ ਨੂੰ ਚੀਨ ਦੇ ਲੋਕ ਨਫ਼ਰਤ ਤੇ ਘਿਰਨਾ ਕਰਦੇ ਹਨ। ਦਖਣੀ ਕੋਰੀਆ ਵਿਚ ਸਿੰਗਮੈਨਰ੍ਹੀ ਦੇ ਫਾਸ਼ਿਸਟ ਗਰੋਹ ਤੇ ਬਾਓਦਾਈ ਦੀ ਹਮਾਇਤ ਕੀਤੀ ਜਾਏ, ਜਿਸ ਨੂੰ ਵੀਅਤ-ਨਾਮ ਦੇ ਲੋਕਾਂ ਨੇ ਰੱਦ ਕਰ ਦਿਤਾ ਹੈ।

ਅਮਰੀਕਾ ਦੀ ਸਰਪ੍ਰਸਤੀ ਹੇਠ ਬਣੇ ਗਠ-ਜੋੜਾਂ ਵਿਚ ਪਿਛੇ ਜਹੇ ਤੁਰਕੀ ਤੇ ਪਾਕਿਸਤਾਨ ਵਿਚਕਾਰ ਹੋਇਆ ਸਮਝੌਤਾ ਤੇ ਤੁਰਕੀ ਤੇ ਈਰਾਨ ਵਿਚਕਾਰ ਉਹ ਸਮਝੌਤਾ ਵੀ ਹੈ, ਜਿਹੜਾ ਹੁਣ ਤਿਆਰੀ ਦੀ ਹਾਲਤ ਵਿਚ ਹੈ।

ਪੈਰਸ ਸਮਝੌਤਿਆਂ ਵਿਚ ਮਿਥਿਆ ਪਛਮੀ-ਯੋਰਪੀ ਫ਼ੌਜੀ ਗਠ-ਜੋੜ ਉਤਰੀ-ਅਟਲਾਂਟਕ ਬਲਾਕ ਦੀ ਧਾਵਾ-ਕਰੂ ਫ਼ੌਜ ਦੇ ਤੌਰ ਤੇ ਕੰਮ ਆਉਣ ਲਈ ਹੈ। ਫਰਾਂਸ, ਬਰਤਾਨੀਆਂ, ਇਟਲੀ, ਬੈਲਜੀਅਮ, ਹਾਲੈਂਡ ਤੇ ਲਕਸਮਬਰਗ ਦ ਨਾਲ ਨਾਲ ਇਹਦੇ ਵਿਚ ਪਛਮੀ ਜਰਮਨੀ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ। ਇਸ ਫ਼ੌਜੀ ਗਠ-ਜੋੜ ਸਬੰਧੀ ਜੋ ਕੁਝ ਪਹਿਲੋਂ ਕਿਹਾ ਜਾ ਚੁਕਿਆ ਹੈ, ਉਸ ਦੀ ਹੋਰ ਵਿਆਖਿਆ ਦੀ ਲੋੜ ਨਹੀਂ।

ਤੁਰਕੀ, ਯੂਨਾਨ ਤੇ ਯੋਗੋਸਲਾਵੀਆ ਵਿਚਕਾਰਲੀ ਸੰਧੀ ਆਪਣੇ ਆਪ ਵਿਚ ਇਕ ਵਖਰੀ ਸ਼੍ਰੇਣੀ ਹੈ ਕਿਉਂਕਿ ਇਹਨਾਂ ਵਿਚੋਂ ਸਿਰਫ਼ ਦੋ ਧਿਰਾਂ ਉਤਰੀ-ਅਟਲਾਂਟਕ ਬਲਾਕ ਦੀਆਂ ਮੈਂਬਰ ਹਨ ਤੇ ਤੀਜੀ ਯੋਗੋਸਲਾਵੀਆ ਮੈਂਬਰ ਨਹੀਂ। ਫੇਰ ਵੀ, ਬਲਕਾਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੌਮਾਂ [illegible] ਤੋਂ ਕੰਮ ਲਏ ਬਿਨਾ ਨਹੀਂ ਰਹਿ ਸਕਦੀਆਂ।

ਫ਼ੌਜੀ ਬਲਾਕਾਂ ਤੇ ਗਠ-ਜੋੜਾਂ ਦਾ, ਜਿਹੜੇ ਅਮ੍ਰੀਕਾ ਯੋਰਪ ਵਿਚ ਖੜੇ ਕਰ ਰਿਹਾ ਹੈ, ਸਭ ਤੋਂ ਪਹਿਲਾ ਨਿਸ਼ਾਨਾ ਸੋਵੀਅਤ ਯੂਨੀਅਨ ਤੇ ਲੋਕ ਜਮਹੂਰੀਅਤਾਂ ਤੇ ਏਸ਼ੀਆ ਵਿਚ ਚੀਨੀ ਲੋਕ ਰੀਪਬਲਿਕ ਤੇ ਇਹਦੇ ਲਈ ਮਿਤ੍ਰਤਾ ਦੇ ਭਾਵ ਰਖਣ ਵਾਲੀਆਂ ਕੌਮਾਂ ਹਨ।

ਪਰ, ਗਲ ਬਲਾਕਾਂ ਤੇ ਗਠ-ਜੋੜਾਂ ਦੀ ਉਸਾਰੀ ਤੇ ਹੀ ਨਹੀਂ ਮੁਕੀ।

ਹਥਿਆਰ ਵਧਾਣ ਦੀ ਲਗਾਤਾਰ ਮੁਹਿੰਮ ਤੋਂ ਉਪਜਦੇ ਖਤਰੇ ਦਾ ਅੰਦਾਜ਼ਾ ਘਟਾ ਕੇ ਨਹੀਂ ਲਾਣਾ ਚਾਹੀਦਾ। ਅਮ੍ਰੀਕਾ, ਬਰਤਾਨੀਆਂ, ਫ਼ਰਾਂਸ ਤੇ ਕੁਝ ਹੋਰਨਾਂ ਮੁਲਕਾਂ ਦੇ ਫ਼ੌਜੀ ਬਜਟ ਏਨੇ ਵਧੇ ਹੋਏ ਹਨ, ਜਿੰਨੇ ਉਹ ਅਗੇ ਕਦੀ ਨਹੀਂ ਸਨ। ਅਮ੍ਰੀਕਾ, ਵਿਚ ਫ਼ੌਜੀ ਖਰਚ ਕੌਮੀ ਬਜਟ ਦਾ ਦੋ ਤਿਹਾਈ ਹਿੱਸਾ ਹੈ ਤੇ ਇਹ ਜੰਗੋਂ ਪਹਿਲਾਂ ਨਾਲੋਂ ਕਈ ਗੁਣਾ ਵਧੇਰੇ ਹੈ।

ਅਮ੍ਰੀਕਾ ਦੀਆਂ ਬਹੁ-ਉੱਨਤ ਸਨਅਤਾਂ ਦੀਆਂ ਵਰਤਮਾਨ ਪੈਦਾਵਾਰੀ ਪੱਧਰਾਂ, ਮੁਖ ਤੌਰ ਤੇ ਫ਼ੌਜੀ ਆਰਡਰਾਂ ਰਾਹੀਂ ਕਾਇਮ ਰਖੀਆਂ ਗਈਆਂ ਹਨ। ਫ਼ੌਜੀ ਕਿਸਮ ਦੀਆਂ ਚੀਜ਼ਾਂ ਸਾਰੀ ਸਨਅਤੀ ਪੈਦਾਵਾਰ ਦਾ ੨੦-੨੫ ਫੀ ਸਦੀ, ਜਾਂ ਚੌਥਾ ਹਿੱਸਾ ਹਨ। ਪਰ ਇਸ ਸਭ ਕਾਸੇ ਦੇ ਬਾਵਜੂਦ ਆਰਥਕ ਸੰਕਟ ਆਪਣੀ ਹੋਂਦ ਮਹਿਸੂਸ ਕਰਾ ਰਿਹਾ ਹੈ ਤੇ ਅਮ੍ਰੀਕਾ ਵਿਚ ਸਮੁਚੀ ਪੈਦਾਵਾਰ ਘਟਦੀ ਜਾ ਰਹੀ ਹੈ।

ਇਸ ਵੇਲੇ ਇਹ ਸਮਝਣਾ ਬੜਾ ਜ਼ਰੂਰੀ ਹੈ ਕਿ ਕਿਸੇ ਕੌਮ ਦੀ ਆਰਥਕਤਾ ਦਾ ਆਧਾਰ ਲੰਮੇ ਅਰਸੇ ਲਈ ਫ਼ੌਜੀ ਆਰਡਰਾਂ ਜਹੀ ਖੋਦਲੀ ਬੁਨਿਆਦ ਉਤੇ ਨਹੀਂ ਹੋ ਸਕਦਾ। ਫਿਰ ਵੀ ਅਮ੍ਰੀਕਾ ਕੌਮਾਂਤਰੀ ਤਿਜਾਰਤ ਨੂੰ ਤੋੜਨ ਦੀ ਆਤਮ-ਘਾਤਕ ਨੀਤੀ ਉਤੇ

CC-0. In Public Domain. Gurukul Kangri Collection, Haridwar

ਅਮਲ ਕਰ ਰਿਹਾ ਹੈ ਤੇ ਇਸ ਤਰ੍ਹਾਂ ਅਮ੍ਰੀਕੀ ਸ਼ਨਅਤ ਨੂੰ ਉਨਤੀ ਤੇ ਫੈਲਾਓ ਦੇ ਸੁਭਾਵਕ ਰਾਹਾਂ ਤੋਂ ਵਾਂਝਿਆਂ ਕਰ ਰਿਹਾ ਹੈ।

Digitized by Arya Samaj Foundation Chennai and eGangotri

ਇਹ ਵੀ ਇਤਫਾਕੀਆ ਨਹੀਂ ਕਿ ਹੁਣ ਕੋਈ ਚਾਰ ਵਰ੍ਹਿਆਂ ਤੋਂ ਵਧੇਰੇ ਸਮੇਂ ਤੋਂ ਅਮ੍ਰੀਕੀ ਹਕੂਮਤ ਨੇ ਦੇਸ਼ ਨੂੰ ਅਖੌਤੀ "ਹੰਗਾਮੀ" ਹਾਲਤ ਵਿਚ ਰਖਿਆ ਹੋਇਆ ਹੈ। ਇਹ ਹਾਲਤ ਟਰੂਮੈਨੀ ਪ੍ਰਬੰਧ ਹੇਠ ਸ਼ੁਰੂ ਹੋਈ, ਜਦੋਂ ਡੈਮੋਕ੍ਰੈਟਿਕ ਪਾਰਟੀ ਦੀ ਹਕੂਮਤ ਸੀ, ਤੇ ਇਹ ਵਰਤਮਾਨ ਰੀਪਬਲਿਕਨ ਪ੍ਰਬੰਧ ਹੇਠ ਜਾਰੀ ਹੈ।

ਪਿਛੇ ਜਹੇ ਅਮ੍ਰੀਕਾ ਵਿਚ ਜੰਗੀ ਬੁਖ਼ਾਰ ਨੂੰ ਜਨੂੰਨ ਦੀ ਹਦ ਤਕ ਰਖਣ ਲਈ ਹੋਰ ਕਦਮ ਚੁਕੇ ਗਏ ਹਨ। ਅਖ਼ਬਾਰਾਂ ਤੇ ਰੇਡੀਓ ਕੇਂਦਰਾਂ ਵਲੋਂ ਚਲਾਈ ਜਾ ਰਹੀ ਚੰਦਰੀ ਮੁਹਿੰਮ ਸਿਰਫ ਜੰਗ ਦਾ ਹੀ ਨਹੀਂ, ਸਗੋਂ ਐਟਮੀ ਜੰਗ ਦੀਆਂ ਤਿਆਰੀਆਂ ਦਾ ਪ੍ਰਚਾਰ ਕਰਦੀ ਹੈ। ਇਸ ਸਭ ਕਾਸੇ ਦੀ ਜ਼ਿਮੇਵਾਰੀ, ਸਭ ਤੋਂ ਪਹਿਲਾਂ, ਅਮ੍ਰੀਕਾ ਦੇ ਹਾਕਮ ਅਨਸਰ ਉਤੇ ਹੈ। ਉਹਨਾਂ ਦੇ ਜ਼ੋਰ ਦੇਣ ਤੇ ਹੀ ਅਧ-ਦਸੰਬਰ ਵਿਚ ਪੈਰਿਸ ਵਿਖੇ ਐਟਮੀ ਜੰਗ ਦੀਆਂ ਤਿਆਰੀਆਂ ਉਤੇ ਵਿਚਾਰ ਕਰਨ ਲਈ ਨੈਟੋ ਤਾਕਤਾਂ ਦੀ ਕਾਨਫ੍ਰੰਸ ਕੀਤੀ ਗਈ।

ਕੁਝ ਬਦੇਸ਼ ਮੰਤਰੀ, ਜਿਹੜੇ ਪਿਛੇ ਨਹੀਂ ਰਹਿਣਾ ਚਾਹੁੰਦੇ, ਕੁਛ ਸਮੇਂ ਤੋਂ ਐਟਮੀ ਜੰਗ ਦੇ ਪਰਚਾਰ ਵਿਚ ਸ਼ਾਮਲ ਹੋ ਗਏ ਹਨ।

ਬੈਲਜੀਅਮ ਦੇ ਬਦੇਸ਼ ਮੰਤਰੀ, ਸਪਾਕ ਨੇ ੧੯ ਦਸੰਬਰ, ੧੯੫੪ ਨੂੰ ਪੈਰਿਸ ਵਿਖੇ ਰਤਾ ਫੜ ਮਾਰਦਿਆਂ ਇਕ ਅਖ਼ਬਾਰੀ ਕਾਨਫ਼ਰੰਸ ਨੂੰ ਦਸਿਆ ਕਿ ਨੈਟੋ ਵਲੋਂ ਲਏ ਗਏ ਕਲ੍ਹ ਦੇ ਫ਼ੈਸਲੇ "ਫ਼ੌਜੀ ਆਦਮੀਆਂ ਨੂੰ ਬਿਲਕੁਲ ਉਹੋ ਕੁਝ ਦੇ ਦੇਂਦੇ ਹਨ, ਜੋ ਉਹ ਚਾਹੁੰਦੇ ਹਨ। ਉਹਨਾਂ ਐਟਮੀ ਜੰਗ, ਦੀ ਤਿਆਰੀ ਲਈ ਅਧਿਕਾਰ ਦੀ ਮੰਗ ਕੀਤੀ। ਇਹ ਉਹਨਾਂ ਨੂੰ ਮਿਲ ਗਿਆ ਹੈ।" ਤੇ ਸਪਾਕ ਅਗੋਂ ਰਾਜਨੀਤਕ ਅਸਪਸ਼ਟਤਾ ਨਾਲ ਅਖੌਤੀ "ਐਟਮੀ ਹਥਿਆਰਾਂ ਦੀ ਵਰਤੋਂ ਦੀਆਂ ਸੰਭਾਵਨਾਵਾਂ" ਦੀ ਵਿਆਖਿਆ ਕਰਨ ਲਗਾ ਤੇ

CC-0. In Public Domain. Gurukul Kangri Collection, Haridwar

ਉਸ ਮੌਕੇ ਵਿਚ ਆ ਐਲਾਨ ਕੀਤਾ : "ਅੰਤਮ ਫੈਸਲਾ ਤੇ ਇਹਦੇ ਲਈ
Digitized by Arya Samaj Foundation Chennai and eGangotri
ਜਾਣ ਦੇ ਸਾਧਨ (ਅਰਥਾਤ ਐਟਮੀ ਹਥਿਆਰਾਂ ਦੀ ਵਰਤੋਂ ਦਾ ਫੈਸਲਾ) ਆਮ ਲੋਕਾਂ ਨੂੰ ਨਹੀਂ ਦਸੇ ਜਾ ਸਕਦੇ। ਇਹ ਇਕ ਮਹਤਵ-ਪੂਰਨ ਫ਼ੌਜੀ ਭੇਤ ਹੈ।"

ਪਿਛੇ ਜਹੇ ਤੋਂ ਡਲਸ ਨੇ, ਤੇ ਸਪਾਕ ਨੇ ਵੀ, ਐਟਮੀ ਜੰਗ ਦਾ ਪਰਚਾਰ ਸ਼ੁਰੂ ਕਰ ਦਿਤਾ ਹੈ ਤੇ ਉਹਨਾਂ ਵਿਚ ਸਿਰਫ ਅਮ੍ਰੀਕੀ ਜਰਨੈਲ ਹਾਡਫੋਰਡ, ਗਰੂਏਂਥਰ ਤੇ ਸਟੀਵਨਸਨ ਹੀ ਨਹੀਂ ਸਗੋਂ ਗਲਾਧੜੀ ਬਰਤਾਨਵੀ ਫ਼ੀਲਡ ਮਾਰਸ਼ਲ ਮਾਂਟਗੋਮਰੀ ਵੀ ਆਣ ਰਲਿਆ ਹੈ। (ਉਤਸੁਕਤਾ)

ਕੀ ਉਹ ਇਹ ਕਹਿਣਾ ਚਾਹੁੰਦੇ ਹਨ ਕਿ ਪੁਰਅਮਨ ਮੰਤਵਾਂ ਲਈ ਐਟਮੀ ਸ਼ਕਤੀ ਦੀ ਵਰਤੋਂ ਸਬੰਧੀ ਅਮ੍ਰੀਕੀ ਨੀਤੀਵਾਨਾਂ ਦੀਆਂ ਪਿਛੇ ਜਹੇ ਦੀਆਂ ਸਕੀਮਾਂ ਤੇ ਤਕਰੀਰਾਂ ਸਿਰਫ ਆਮ ਜਨਤਾ ਦਾ ਧਿਆਨ ਪਰਤਾਣ ਲਈ ਸਨ?

ਜੇ ਇਹਦਾ ਕੁਝ ਹਿਸਾ ਵੀ ਸਚ ਹੈ ਤਾਂ ਇਹ ਗਲ ਅਮ੍ਰੀਕੀ ਬਦੇਸੀ ਨੀਤੀ ਨੂੰ ਦੋ ਤਰ੍ਹਾਂ ਹਾਣ ਪਹੁੰਚਾ ਕੇ ਰਹੇਗੀ। ਇਕ ਤਾਂ, ਇਹ ਨਹੀਂ ਭੁਲਾਣਾ ਚਾਹੀਦਾ ਕਿ ਅਜਿਹੀ ਦੋ-ਰੰਗੀ ਹਕੂਮਤਾਂ ਵਿਚ ਲੋਕਾਂ ਦੇ ਭਰੋਸੇ ਨੂੰ ਨਾਸ ਕਰਦੀ ਹੈ ਤੇ ਦੂਸਰੀ ਲੋਕ ਐਟਮੀ ਜੰਗ ਦੇ ਇਹਨਾਂ ਵਕੀਲਾਂ ਵਿਚੋਂ ਕੁਝ ਨੂੰ ਹੁਣੇ ਤੋਂ ਹੀ ਭਵਿਖ ਦੇ ਵਡੇ ਜੰਗੀ ਮੁਜਰਮ ਸਮਝਣ ਲਗ ਪਏ ਹਨ।

(ਤਾੜੀਆਂ)

ਜੇ ਇਸ ਸਭ ਕਾਸੇ ਨੂੰ, ਅਰਥਾਤ, ਕੌਮਾਂਤਰੀ ਤਿਜਾਰਤ ਦੇ ਰਾਹ ਵਿਚ ਅਮ੍ਰੀਕਾ ਵਲੋਂ ਪਾਈਆਂ ਜਾ ਰਹੀਆਂ ਬੇ-ਸ਼ੁਮਾਰ ਰੁਕਾਵਟਾਂ, ਹਮਲਾਕਰੂ ਫ਼ੌਜੀ ਗਠਜੋੜਾਂ, ਬਦੇਸ਼ੀ ਧਰਤੀਆਂ ਤੇ ਬੇ-ਸ਼ੁਮਾਰ ਫ਼ੌਜੀ ਅੱਡਿਆਂ, ਹਥਿਆਰ ਵਧਾਉਣ ਦੀ ਮੁਹਿੰਮ ਤੇ ਐਟਮੀ ਜੰਗ ਦੇ ਡਰਾਵਿਆਂ ਨੂੰ ਮਿਲਾ ਕੇ ਵੇਖਿਆ ਜਾਏ ਤਾਂ ਇਸ ਸਭ ਕੁਝ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਵ ਇਹ ਹੈ ਕਿ ਅਮ੍ਰੀਕਾ ਤੇ ਉਨ੍ਹਾਂ ਮੁਲਕਾਂ ਦਾ ਉਹ ਗਠਜੋੜ, ਜਿਸ ਦਾ ਕਿ ਇਹ ਆਗੂ ਹੈ, "ਤਾਕਤ ਦੀ ਨੀਤੀ" ਉਤੇ ਚਲਣ ਤੇ ਤੁਲੇ ਹੋਏ ਹਨ, ਜਿਹੜੀ ਸੋਵੀਅਤ ਯੂਨੀਅਨ, ਚੀਨੀ ਲੋਕ ਰੀਪਬਲਿਕ ਤੇ ਲੋਕ ਜ਼ਮਹੂਰੀਅਤਾਂ ਦੇ ਵਿਰੋਧੀ ਮੰਤਵ ਵਾਲੀ ਹੈ। ਇਸ "ਤਾਕਤ ਦੀਆਂ ਪੁਜ਼ੀਸ਼ਨਾਂ" ਦੀ ਨੀਤੀ ਦਾ ਮੰਤਵ, ਦਬਾਓ ਤੇ ਡਰਾਵਿਆਂ ਦੀ ਨੀਤੀ ਦੀ ਸਹਾਇਤਾ ਨਾਲ, ਦੂਜਿਆਂ ਨੂੰ ਡਰਾਉਣਾ ਤੇ ਪਸਤ ਹਿੰਮਤ ਬਨਾਉਣਾ ਹੈ। ਪਰ ਇਹ ਝੱਲੀ ਨੀਤੀ ਅਮ੍ਰੀਕੀ ਲੋਕਾਂ ਨੂੰ ਮਹਿੰਗਾ ਸੌਦਾ ਸਾਬਤ ਹੋ ਰਹੀ ਹੈ ਤੇ ਕੌਮਾਂਤਰੀ ਮਾਮਲਿਆਂ ਵਿਚ ਉਨ੍ਹਾਂ ਦੇ ਦੇਸ਼ ਦੀ ਹਾਲਤ ਨੂੰ ਮਜ਼ਬੂਤ ਬਣਾਉਣ ਵਿਚ ਸਹਾਇਕ ਨਹੀਂ ਹੋ ਰਹੀ।

ਅਮ੍ਰੀਕਾ ਦੇ ਹਮਲਾਵਰ ਅਨਸਰਾਂ ਨੇ ਇਕ ਵਾਰ ਫਿਰ ਗਲਤ ਅਨੁਮਾਨ ਲਾਇਆ ਹੈ। ਅਜੇ ਪਿਛੇ ਜਹੇ ਹੀ ਉਹ ਸਮਝਦੇ ਸਨ ਕਿ ਐਟਮੀ ਹਥਿਆਰਾਂ ਦੀ ਪੂਰਨ ਇਜਾਰੇਦਾਰੀ ਉਹਨਾਂ ਕੋਲ ਹੈ। ਜੰਗ ਪਿਛੋਂ ਪਹਿਲੇ ਵਰ੍ਹਿਆਂ ਵਿਚ ਉਹਨਾਂ ਦੇ ਸਭ ਤੋਂ ਵਧ ਦੂਰ-ਦਰਸ਼ੀਆਂ ਨੂੰ ਵੀ ਯਕੀਨ ਸੀ ਕਿ ਸੋਵੀਅਤ ਯੂਨੀਅਨ ਨੂੰ ਐਟਮੀ ਹਥਿਆਰ ਦੀ ਪੈਦਾਵਾਰ ਵਿਚ ਘਟੋ ਘਟ ਦਸ ਪੰਦਰਾਂ ਸਾਲ ਲਗ ਜਾਣਗੇ, ਜਦੋਂ ਕਿ ਬਹੁ-ਗਿਣਤੀ ਦਾ ਖਿਆਲ ਸੀ ਕਿ ਇਸ ਤੋਂ ਵੀ ਬਹੁਤ ਵਧੇਰਾ ਸਮਾਂ ਲਗ ਜਾਏਗਾ। ਪਰ ਥੋਹੜੇ ਜਹੇ ਸਮੇਂ ਵਿਚ ਸੋਵੀਅਤ ਸਾਇੰਸਦਾਨਾਂ, ਐਂਜਿਨੀਅਰਾਂ ਤੇ ਟੇਕਨੀਸ਼ਨਾਂ ਤੇ ਕੰਮ ਨਾਲ ਸਿੱਧੇ ਤੌਰ ਤੇ ਸਬੰਧਤ ਹੋਰਨਾਂ ਸਭਨਾਂ ਨੇ ਅਜਿਹੇ ਨਤੀਜੇ ਕਢ ਵਿਖਾਏ, ਜਿਨ੍ਹਾਂ ਨੇ ਸਾਬਤ ਕਰ ਦਿਤਾ ਕਿ ਸੋਵੀਅਤ ਯੂਨੀਅਨ ਨਿਆਰੀਆਂ ਸੰਭਾਵਨਾਵਾਂ ਦਾ ਮਾਲਕ ਹੈ। ਅਸਲ ਵਿਚ ਹਾਈਡਰੋਜਨ ਹਥਿਆਰਾਂ ਦੀ ਪੈਦਾਵਾਰ ਵਿਚ ਸੋਵੀਅਤ ਤਰੱਕੀ ਅਜਿਹੀ ਹੈ ਕਿ ਇਹ ਸੋਵੀਅਤ ਯੂਨੀਅਨ ਨਹੀਂ, ਸਗੋਂ ਅਮ੍ਰੀਕਾ ਹੈ, ਜਿਹੜਾ ਪਿਛੇ ਰਹਿ ਗਿਆ ਹੈ। (ਉੱਚੀਆਂ, ਲੰਮੀਆਂ ਤਾੜੀਆਂ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਮ੍ਰੀਕਾ ਦੀ ਵਰਤਮਾਨ ਸਰਕਾਰੀ ਨੀਤੀ ਨੂੰ ਆਪਣੇ ਦੇਸ਼ ਅੰਦਰ ਵੀ ਅਵੰਡ ਹਮਾਇਤ ਹਾਸਲ ਨਹੀਂ ।

ਅਮ੍ਰੀਕੀ ਕਾਂਗਰਸ ਵਿਚ ਹੁਣ ਰੀਪਬਲੀਕਿਨ ਪਾਰਟੀ ਦੀ ਬਹੁ-ਗਿਣਤੀ ਨਹੀਂ ਰਹੀ । ਪਤ ਝੜ ਰੁੱਤੇ ਹੋਈਆਂ ਚੋਣਾਂ ਨੇ ਡੈਮੋਕ੍ਰੈਟਾਂ ਨੂੰ ਅਮ੍ਰੀਕੀ ਪਾਰਲੀਮੈਂਟ ਵਿਚ ਬਹੁ-ਗਿਣਤੀ ਦੇ ਦਿਤੀ । ਇਸ ਸਿਲਸਲੇ ਵਿਚ ਇਕ ਬਿਆਨ ਦਾ ਹਵਾਲਾ ਦੇਣਾ ਲਾਭਦਾਇਕ ਹੋਵੇਗਾ, ਜਿਹੜਾ ਸਭ ਤੋਂ ਪਰਸਿਧ ਡੈਮੋਕ੍ਰੈਟ ਆਗੂਆਂ ਵਿਚੋਂ ਇਕ ਆਗੂ, ਸੰਨ ੧੯੫੨ ਵਿਚ ਪਰਧਾਨਗੀ ਲਈ ਪਾਰਟੀ ਦੇ ਉਮੀਦਵਾਰ, ਸਟੀਵਨਸਨ ਨੇ ਦਿਤਾ । ਅਮ੍ਰੀਕੀ ਅਖ਼ਬਾਰੀ ਰਿਪੋਰਟਾਂ ਅਨੁਸਾਰ ੮ ਸਤੰਬਰ, ੧੯੫੪ ਨੂੰ ਡੈਮੋਕ੍ਰੈਟਿਕ ਪਾਰਟੀ ਦੀ ਇਕ ਇਕੱਤ੍ਰਤਾ ਵਿਚ ਉਹਨੇ ਕਿਹਾ :

"ਕਦੀ ਕਦੀ ਮੈਨੂੰ ਸਾਡੀ ਪਾਲਸੀ ਨੂੰ ਸਾਡੇ ਐਲਾਨਾਂ ਤੇ ਸਾਡੇ ਨਾਅਰਿਆਂ ਤੋਂ ਵਖ ਕਰਨਾ—ਉਸ ਭੜਕੀਲੀ ਫ਼ਿਕਰੇਬਾਜ਼ੀ ਤੋਂ ਤੇ ਚੁੰਬਕ ਨੀਤੀਆਂ ਤੋਂ ਵਖ ਕਰਨਾ ਔਖਾ ਲਗਦਾ ਹੈ । ਇੰਜ ਲਗਦਾ ਹੈ ਜਿਵੇਂ ਸਾਡੇ ਕੋਲ ਨਾਅਰਿਆਂ ਦੀਆਂ ਪਾਲਸੀਆਂ ਹੋਣ—ਆਵਾਜ਼ ਡੱਲਸ ਦੀ ਤੇ ਗਰਜ ਨਾਓਲੈਂਡ ਦੀ ਹੋਏ, ਪਰ ਭਾਵ ਕੁਝ ਨਾ ਨਿਕਲੇ ਤੇ ਹੋਏ ਹਵਾਏ ਇਸ ਤੋਂ ਵੀ ਘਟ 'ਬੰਦ ਖਲਾਸੀ ਕਰਾਣੀ', 'ਚਿਆਂਗ-ਕਈ-ਸ਼ੇਕ ਦਾ ਪਟਾ ਖੋਲ੍ਹ ਦੇਣਾ', 'ਪਹਿਲ ਕਦਮੀ ਹਥ ਲੈਣੀ', ਰਖਿਆ ਵਿਚ 'ਨਵੀਂ ਦੇਖਣੀ', 'ਵਡੇ ਪੈਮਾਨੇ ਤੇ ਜਵਾਬੀ ਹਮਲਾ' ਆਦਿ ਇਹ ਸਾਰੇ ਜੋਸ਼-ਦਵਾਊ ਦਲੇਰ ਲੇਬਲ ਤੁਹਾਨੂੰ ਯਾਦ ਹਨ । ਉਹ ਸਾਰੇ ਇਕ ਇਕ ਕਰਕੇ ਰੀਂਗਦੇ ਘਰ ਪਰਤ ਆਏ ਹਨ (ਹਾਸਾ) ਤੇ ਸਾਡਾ ਥੋਹੜਾ ਕੁ ਹੋਰ ਵਕਾਰ ਤੇ ਅਸਰ ਰਸੂਖ ਪਿਛੇ ਛਡ ਆਏ ਹਨ ।

...ਇਹ ਕਾਫੀ ਸ਼ੋਕ ਦੀ ਗਲ ਹੈ ਕਿ ਵਾਸ਼ਿੰਗਟਨ ਵਿਚ ਖਹਿਬੜਦੇ ਟੱਬਰ ਦੀ ਘਿਨਾਉਣੀ ਝਾਕੀ ਨੇ ਸਾਡੇ ਇਤਹਾਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਨਿਰਾਸ਼ਤਾ ਉਪਜਾਈ ਹੈ ਤੇ ਉਹ ਅਧਰੰਗ ਇਸ ਤੋਂ ਵੀ ਚੰਦਰਾ ਹੈ ਜਿਹੜਾ ਸਟੇਟ ਵਿਭਾਗ ਨੂੰ ਹੋ ਗਿਆ ਲਗਦਾ ਹੈ। ਸੈਕਟਰੀ ਡਲਸ, ਨਿਰਸੰਦੇਹ, ਸਚ ਕਹਿੰਦਾ ਹੈ ਕਿ ਸਮਾਂ ਸਾਡੇ ਬਦੇਸ਼ੀ ਸਬੰਧਾਂ ਦੇ "ਦੁਖਾਂਵੇ ਮੁੜ-ਨਿਰਨੇ" ਦੀ ਮੰਗ ਕਰਦਾ ਹੈ। ਪਰ ਮੁਸੀਬਤ ਇਹ ਹੈ ਕਿ ਅਜਿਹੀ ਫ਼ਿਜ਼ਾ ਵਿਚ, ਜਿਸ ਵਿਚ ਸ਼ਬਦ 'ਗਲ ਬਾਤ' ਤੇ 'ਧਰੋਹ' ਦੋਵਾਂ ਦੇ ਅਰਥ ਇਕ ਹੋ ਗਏ ਹੋਣ, ਕੋਈ ਵੀ ਸਿਆਣਾ ਮੁੜ-ਨਿਰਨਾ ਸੰਭਵ ਨਹੀਂ।" (ਉਤਸੁਕਤਾ)

ਅਮ੍ਰੀਕੀ ਬਦੇਸ਼ੀ ਨੀਤੀ ਦਾ ਇਹ ਨਿਰਨਾ, ਜਿਹੜਾ ਕਿ ਪਿਛੇ ਜਹੇ ਦੇ ਪਰਧਾਨਗੀ ਦੇ ਉਮੀਦਵਾਰ ਜਹੇ ਕਾਬਲ ਆਦਮੀ ਨੇ ਕੀਤਾ ਹੈ, ਧਿਆਨ ਦੇਣ ਯੋਗ ਹੈ। ਤੇ ਚੰਗਾ ਹੋਵੇ ਜੇ ਇਹ ਥੋਹੜੀ ਜਾਂ ਬਹੁਤੀ ਹਦ ਤਕ, ਉਹਨਾਂ ਦੇ ਦਮਾਗ ਵਿਚ ਵੀ ਪੈ ਜਾਏ, ਜਿਨ੍ਹਾਂ ਨਾਲ ਇਹਦਾ ਸਿੱਧਾ ਸਬੰਧ ਹੈ। (ਹਾਸਾ, ਤਾੜੀਆਂ)

ਫੇਰ ਵੀ, ਇਹ ਵੇਖਣਾ ਚਾਹੀਦਾ ਹੈ ਕਿ ਅਮ੍ਰੀਕੀ ਬਦੇਸ਼ੀ ਨੀਤੀ ਦਾ ਇਹ ਨਿਰਨਾ ਮੌਜੂਦਾ ਵਿਰੋਧਤਾਈਆਂ ਤੇ ਇਕ ਖੇਤਰ ਵਿਚ ਅਸਲ ਹਾਲਤ ਦੀ ਜੋ ਤਸਵੀਰ ਪੇਸ਼ ਕਰਦਾ ਹੈ, ਉਹ ਕਿਸੇ ਤਰ੍ਹਾਂ ਵੀ ਪੂਰੀ ਨਹੀਂ ਕਹੀ ਜਾ ਸਕਦੀ।

ਅਸਲੀਅਤ ਇਹ ਹੈ ਕਿ ਜਦੋਂ ਕਿ ਸੋਸ਼ਲਿਜ਼ਮ ਤੇ ਜਮਹੂਰੀਅਤ ਦਾ ਕੈਂਪ ਆਪਣੇ ਰਾਜਸੀ ਨਿਸ਼ਾਨਿਆਂ ਦੀ ਏਕਤਾ ਤੇ ਮਿਹਨਤਕਸ਼ ਲੋਕਾਂ ਦੀ ਸ਼ਾਨਦਾਰ ਕੌਮਾਂਤਰੀ ਮਿਤ੍ਰਤਾ ਦੇ ਸਦਕਾ ਬਲਵਾਨ ਹੈ, ਸਾਮਰਾਜ ਦਾ ਕੈਂਪ ਘਰੋਗੀ ਤੇ ਬਾਹਰਲੇ ਦੋਨਾਂ ਤਰ੍ਹਾਂ ਦੇ ਵਿਰੋਧਾਂ ਨਾਲ ਪਾਟ ਰਿਹਾ ਹੈ। ਇਹ ਗਲ ਬਦੇਸ਼ੀ ਮਾਮਲਿਆਂ ਦੇ ਖੇਤਰ ਵਿਚ ਆਪਣਾ ਅਸਰ ਪਾਣੋ ਨਹੀਂ ਰਹਿੰਦੀ।

ਇਸ ਨੂੰ ਸਿੱਧ ਕਰਨ ਲਈ ਬਹੁਤ ਸਾਰੀਆਂ ਮਿਸਾਲਾਂ ਹਨ। ਕੁਝ ਹਕੀਕਤਾਂ ਇਹ ਹਨ:

ਜਨੇਵਾ ਕਾਨਫਰੰਸ ਨੂੰ ਲਓ, ਜਿਥੇ ਫਰਾਂਸ, ਬਰਤਾਨੀਆ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੀਨ ਤੇ ਸੋਵੀਅਤ ਯੂਨੀਅਨ ਵਿਚਕਾਰ ਹਿੰਦ-ਚੀਨੀ ਵਿਚ ਅਮਨ ਦੀ ਬਹਾਲੀ ਸਬੰਧੀ ਸਮਝੌਤਾ ਹੋ ਗਿਆ, ਭਾਵੇਂ ਤੀਜੇ ਨੈਟੋ ਹਿੱਸੇਦਾਰ, ਅਮਰੀਕਾ ਨੇ ਸਮਝੌਤੇ ਉਤੇ ਦਸਖ਼ਤ ਕਰਨ ਤੋਂ ਇਨਕਾਰ ਕਰ ਦਿਤਾ। ਸਚ ਹੈ ਕਿ ਪਿਛੋਂ ਹੋਈ ਮਨੀਲਾ ਕਾਨਫ਼ਰੰਸ ਵਿਚ ਅਮ੍ਰੀਕੀ, ਫ਼ਰਾਂਸੀਸੀ ਤੇ ਬਰਤਾਨਵੀ ਨੁਮਾਇੰਦਿਆਂ ਵਿਚਕਾਰ ਕੁਝ ਹਦ ਤਕ ਸਮਝੌਤਾ ਹੋ ਗਿਆ, ਫ਼ਰਾਂਸ ਤੇ ਬਰਤਾਨੀਆ ਨੇ ਅਮਰੀਕਾ ਦਾ ਸਾਥ ਦਿਤਾ ਤੇ ਇਕ ਤਰ੍ਹਾਂ ਉਹਨਾਂ ਜਨੇਵਾ ਵਿਚ ਉਹਨਾਂ ਦੇ ਨਾਲ ਰਲ ਕੇ ਲਏ ਗਏ ਫ਼ੈਸਲਿਆਂ ਨੂੰ ਰੱਦ ਦਿੱਤਾ। ਪਰ ਕੀ ਇਹ ਸਾਮਰਾਜੀ ਕੈਂਪ ਅੰਦਰ ਉਹਨਾਂ ਵਿਰੋਧਤਾਈਆਂ ਦੇ ਢੇਰ ਦੀ ਗਵਾਹੀ ਨਹੀਂ, ਜਿਹੜੀਆਂ ਕਦੀ ਇਕ ਸ਼ਕਲ ਵਿਚ ਤੇ ਕਦੀ ਦੂਜੀ ਸ਼ਕਲ ਵਿਚ, ਕਦੀ ਵਧ ਜ਼ੋਰ ਨਾਲ ਤੇ ਕਦੀ ਘਟ ਜ਼ੋਰ ਨਾਲ ਆਪਣਾ ਆਪ ਮਹਿਸੂਸ ਕਰਾਂਦੀਆਂ ਹਨ ? ਤੇ ਮਨੀਲਾ ਵਿਚ ਅਮ੍ਰੀਕੀ "ਜਿੱਤ" ਦੇ ਬਾਵਜੂਦ ਵੀ ਕੀ ਇਹ ਸਾਫ਼ ਨਹੀਂ ਕਿ ਉਥੇ ਹੋਈਆਂ ਗੱਲਾਂ ਬਾਤਾਂ ਦੇ ਨਿਗੂਣੇ ਨਤੀਜੇ ਜਨੇਵਾ ਕਾਨਫ਼ਰੰਸ ਦੇ ਰਾਜਸੀ ਨਤੀਜਿਆਂ ਦੀ ਮਹੱਤਤਾ ਦਾ ਕਿਸੇ ਤਰ੍ਹਾਂ ਵੀ ਮੁਕਾਬਲਾ ਨਹੀਂ ਕਰ ਸਕਦੇ ?

ਸੰਨ ੧੯੫੨ ਦੀ ਬਸੰਤ ਰੁੱਤੇ, ਮਈ ਮਹੀਨੇ ਵਿਚ ਛੇ ਪਛਮੀ-ਯੋਰਪੀ ਹਕੂਮਤਾਂ ਅਮ੍ਰੀਕੀ ਤੇ ਬਰਤਾਨਵੀ ਦਬਾਓ ਹੇਠ ਆ ਗਈਆਂ ਤੇ ਉਹਨਾਂ ਅਖੌਤੀ "ਯੋਰਪੀ ਰਖਿਆ ਬਰਾਦਰੀ" ਦੀ ਸੰਧੀ ਉਤੇ ਦਸਖ਼ਤ ਕਰ ਦਿੱਤੇ। ਪਰ ਅਗਸਤ ਸੰਨ ੧੯੫੪ ਵਿਚ ਫ਼ਰਾਂਸੀਸੀ ਪਾਰਲੀਮੈਂਟ ਨੇ ਇਸ ਸੰਧੀ ਨੂੰ ਰੱਦ ਦਿੱਤਾ ਤੇ "ਯੋਰਪੀ ਰਖਿਆ ਬਰਾਦਰੀ" ਦੀਆਂ ਸਕੀਮਾਂ ਨੂੰ ਤਿਆਗਣਾ ਪਿਆ। ਸੰਧੀ ਨੂੰ ਪਾਰਲੀ-ਮੈਂਟ ਦੀ ਮਨਜ਼ੂਰੀ ਨਾ ਮਿਲ ਸਕੀ ਕਿਉਂਕਿ ਹੋਇਆ ਇਹ ਕਿ ਫ਼ਰਾਂਸੀਸੀ ਲੋਕਾਂ ਦੀ ਮਰਜ਼ੀ ਤੇ ਫ਼ਰਾਂਸੀਸੀ ਹਕੂਮਤ ਦੀਆਂ ਨੀਯਤਾਂ ਵਿਚਕਾਰਲਾ ਫ਼ਰਕ ਹਦੋਂ ਬਾਹਲਾ ਸੀ। ਇਸ ਹਕੀਕਤ ਨੂੰ ਕਿਵੇਂ ਸਮਝਿਆ ਜਾਏ ? ਇਹ ਕਹਿਣ ਲਈ ਵਜ਼ਨਦਾਰ ਸਬੱਬ ਮੌਜੂਦ ਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿ ਯੋਰਪੀ ਰੱਖਿਆ ਬਰਾਦਰੀ ਦੇ ਢਹਿ ਢੇਰੀ ਹੋਣ ਦਾ ਕਾਰਨ ਸਾਮਰਾਜੀ ਧੜੇ ਅੰਦਰਲੀਆਂ ਡੂੰਘੀਆਂ-ਧਸੀਆਂ ਵਿਰੋਧਤਾਈਆਂ ਸਨ। ਦੂਜੇ ਪਾਸੇ, ਇਸ ਨੂੰ ਅਮ੍ਰੀਕਾ ਦੀ ਹਮਲਾਕਰੂ ਬਦੇਸੀ ਨੀਤੀ ਲਈ ਭਾਂਜ ਸਮਝਣਾ ਵੀ ਜ਼ਰੂਰੀ ਹੈ।

ਇਸ ਪਿਛੋਂ ੨੩ ਅਕਤੂਬਰ, ਸੰਨ ੧੯੫੪ ਨੂੰ ਅਖੌਤੀ ਪੈਰਿਸ ਸਮਝੌਤਿਆਂ ਉਤੇ ਦਸਖਤ ਹੋਏ। ਇਹ ਪਛਮੀ-ਜਰਮਨ ਮੁੜ ਹਥਿਆਰਬੰਦੀ ਨੂੰ ਧੱਕ ਖੜਨ ਦਾ ਦੂਜਾ-ਜਤਨ ਸਨ। ਹਾਲਾਤ ਸੁਖਾਂਵੀ ਤਰ੍ਹਾਂ ਅਗੇ ਵਧਦੇ ਲਗਦੇ ਸਨ ਤੇ ਕਈ ਯੋਰਪੀ ਹਕੂਮਤਾਂ ਤੇ ਅਮ੍ਰੀਕੀ ਹਕੂਮਤ ਨੂੰ ਭਰੋਸਾ ਸੀ ਕਿ ਜਰਮਨ ਫ਼ੌਜ ਸ਼ਾਹੀ ਦੀ ਬਹਾਲੀ ਦੀ ਉਹਨਾਂ ਦੀ ਸਕੀਮ ਢੋਲ ਢਮੱਕਿਆਂ ਨਾਲ ਸਿਰੇ ਚੜ੍ਹ ਜਾਏਗੀ। ਪਰ ਇਹਨਾਂ ਪਿਛਲੇ ਦਿਨਾਂ ਵਿਚ ਫ਼ਰਾਂਸੀਸੀ ਪਾਰਲੀਮੈਂਟ ਫੇਰ ਡਾਵਾਂ ਡੋਲ ਹੋਣ ਲੱਗ ਪਈ ਹੈ ਤੇ ਇਹ ਪੈਰਿਸ ਸਮਝੌਤਿਆਂ ਦੇ ਹਮਾਇਤੀਆਂ ਲਈ ਨਵੀਆਂ ਮੁਸ਼ਕਲਾਂ ਪੈਦਾ ਕਰ ਸਕਦੀ ਹੈ। ਇਹ ਉਹਨਾਂ ਸਖ਼ਤ ਵਿਰੋਧਤਾਈਆਂ ਦਾ ਇਕ ਪ੍ਰਗਟਾਵਾ ਹੈ, ਜਿਹੜੀਆਂ ਅਮਰੀਕਾ ਦੀ ਛਤਰ ਛਾਇਆ ਹੇਠ ਬਣੇ ਫ਼ੌਜੀ-ਰਾਜਸੀ ਧੜੇ ਦੇ ਇਕ ਹਿੱਸੇ ਵਿਚ ਪੈਦਾ ਹੋ ਗਈਆਂ ਹਨ। ਫ਼ਰਾਂਸ ਦੀਆਂ ਤਾਜ਼ੀਆਂ ਘਟਨਾਵਾਂ, ਜਿਨ੍ਹਾਂ ਦਾ ਸਿੱਖਰ ਮੰਤਰੀ-ਮੰਡਲ ਦਾ ਸੰਕਟ ਸੀ, ਅਮ੍ਰੀਕੀ ਬਦੇਸ਼ੀ ਨੀਤੀ ਦੇ ਰਾਹ ਦੀ ਇਕ ਹੋਰ ਹਾਰ ਹਨ।

ਆਓ ਵੇਖੀਏ ਕਿ ਸੰਨ ੧੯੫੨ ਦੀ ਪਤਝੜ ਰੁੱਤੇ ਪ੍ਰਧਾਨਗੀ ਲਈ ਹੋਈਆਂ ਅਮ੍ਰੀਕੀ ਚੋਣਾਂ ਵਿਚ ਬਦੇਸੀ ਨੀਤੀ ਦੀਆਂ ਘਟਨਾਵਾਂ ਕਿਵੇਂ ਪਰਗਟ ਹੋਈਆਂ।

ਰੀਪਬਲਿਕਨ ਪਾਰਟੀ ਨੇ, ਜਿਸ ਨੇ ਚੋਣ ਜਿੱਤ ਲਈ, ਲੋਕ ਜਮਹੂਰੀਅਤਾਂ ਦੀ "ਬੰਦ ਖਲਾਸ" ਕਰਾਣ ਦੀ ਅਖੌਤੀ ਨੀਤੀ ਦੀ, ਭਾਵੇਂ ਰਤਾ ਝਿਜਕ ਨਾਲ, ਹਮਾਇਤ ਕੀਤੀ। ਕਿਸੇ ਹਦ ਤਕ ਇਹ ਡਮਕ੍ਰਟਿਕ ਪਾਰਟੀ ਦੀ ਨੀਤੀ ਦਾ ਜਿਸ ਦੀ ਬਹੁ-ਗਿਣਤੀ ਵਪੋਰੀ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਜਮੀ ਲਾਇਨ ਦੀ ਹਾਮੀ ਸੀ, ਅਜਿਹੀ ਲਾਇਨ ਜਿਹੜੀ "ਰੋਕ ਰਖਣ" ਦੀ ਨੀਤੀ ਦੇ ਨਾਂ ਨਾਲ ਪਰਸਿੱਧ ਹੋਈ, ਰੀਪਬਲਿਕਾਂ ਵਲੋਂ ਮੋੜਵਾਂ ਜਵਾਬ ਸੀ। ਪਰ ਇਹਨਾਂ ਦੋਨਾਂ ਹੀ ਨੀਤੀਆਂ ਦੇ ਹਮਾਇਤੀ ਰੀਪਬਲਿਕਨਾਂ ਤੇ ਡਮੋਕ੍ਰੇਟਾਂ ਦੋਨਾਂ ਵਿਚ ਮਿਲਦੇ ਸਨ।

ਫੇਰ ਵੀ ਇਹ ਨਹੀਂ ਭੁਲਣਾ ਚਾਹੀਦਾ ਕਿ ਚੋਣਾਂ ਤੋਂ ਬਿਲਕੁਲ ਪਹਿਲਾਂ ਰੀਪਬਲਿਕਨ ਉਮੀਦਵਾਰ ਆਇਜ਼ਨ ਹੋਵਰ ਨੇ ਕੋਰੀਆ ਦੀ ਜੰਗ ਨੂੰ ਖਤਮ ਕਰਨ ਦਾ ਇਕਰਾਰ ਕੀਤਾ, ਜਿਸ ਵਿਚ ਅਮ੍ਰੀਕਾ ਓਦੋਂ ਫਸ ਗਿਆ ਸੀ, ਜਦੋਂ ਟਰੂਮੈਨੀ ਡੈਮੋਕ੍ਰੈਟਿਕ ਰਾਜ ਪਰਬੰਧ ਚਲ ਰਿਹਾ ਸੀ।

ਬੁਨਿਆਦੀ ਤੌਰ ਤੇ ਇਹ ਐਲਾਨ ਹੀ ਸੀ, ਜਿਨ੍ਹੇ ਏਸ ਮੁਕਾਬਲੇ ਦੇ ਨਤੀਜੇ ਦਾ ਫ਼ੈਸਲਾ ਕੀਤਾ।

ਪਰਧਾਨਗੀ ਦੀ ਮੁਹਿੰਮ ਵਿਚ ਡੈਮੋਕ੍ਰੈਟਾਂ ਦੀ ਹਾਰ ਦਾ ਕਾਰਨ ਇਹ ਨਹੀਂ ਸੀ ਕਿ ਉਹ ਵਧੇਰੀ ਸੰਜਮੀ ਬਦੇਸੀ ਨੀਤੀ ਉਤੇ ਅਮਲ ਕਰ ਰਹੇ ਸਨ, ਸਗੋਂ ਇਸ ਦਾ ਕਾਰਨ ਇਹ ਸੀ ਕਿ ਉਹ ਉਸ ਜੰਗ ਲਈ ਜ਼ਿਮੇਵਾਰ ਸਨ, ਜਿਹੜੀ ਉਹਨਾਂ ਕੋਰੀਆ ਵਿਚ ਛੇੜੀ। ਦੂਜੇ ਪਾਸੇ ਰੀਪਬਲਿਕਨਾਂ ਨੇ ਚੋਣ ਇਸ ਕਾਰਨ ਨਹੀਂ ਜਿਤੀ ਕਿ ਉਹ ਵਧੇਰੇ ਜਾਬਰ ਬਦੇਸ਼ੀ ਨੀਤੀ ਦੇ ਹਾਮੀ ਸਨ,ਸਗੋਂ ਇਹਦੇ ਉਲਟ ਇਸ ਕਾਰਨ ਜਿਤੇ ਕਿ ਇਕ ਸਮੇਂ ਲਈ ਅਮਲੀ ਤੌਰ ਤੇ ਸਿਰਫ ਉਹਨਾਂ ਦੀ ਹੀ ਪਾਰਟੀ ਸੀ,ਜਿਹੜੀ ਕੋਰੀਆ ਵਿਚ ਜਬਰ ਨੂੰ ਜਾਰੀ ਰਖਣ ਵਿਚ ਨਹੀਂ ਸਗੋਂ ਉਥੇ ਜੰਗ ਨੂੰ ਖਤਮ ਕਰਨ ਤੇ ਅਮਨ ਨੂੰ ਮੁੜ ਸਥਾਪਤ ਕਰਨ ਵਿਚ ਸਹਾਇਕ ਹੋ ਰਹੀ ਸੀ।

ਸਾਨੂੰ ਸਾਮਰਾਜੀ ਬਲਾਕਾਂ ਤੇ ਫ਼ੌਜੀ ਗਠਜੋੜਾਂ ਅੰਦਰਲੀਆਂ ਵਿਰੋਧਤਾਈਆਂ ਦਾ ਧਿਆਨ ਵੀ ਰਖਣਾ ਚਾਹੀਦਾ ਹੈ, ਭਾਵੇਂ ਉਹ ਉਤਰੀ ਅਟਲਾਂਟਕ ਬਲਾਕ ਵਿਚ ਹੋਣ ਜਾਂ ਕਿਸੇ ਹੋਰ ਬਲਾਕ ਵਿਚ। ਇਹਨਾਂ ਸਾਰਿਆਂ ਵਿਚ ਅਸੀਂ ਵੇਖਦੇ ਹਾਂ ਕਿ ਕਿਸੇ ਕਿਸੇ ਵੇਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਹੋਰ ਜੰਗ ਛੇੜਨ ਦੇ ਅਮਲ ਨੂੰ ਤੇਜ਼ ਕਰਨ ਵਾਲੀ ਰੁਚੀ ਸਫਲਤਾ ਪਰਾਪਤ ਕਰਦੀ ਹੈ ਜਦੋਂ ਕਿ ਹੋਰਨਾਂ ਮੌਕਿਆਂ ਤੇ ਇਸ ਤੋਂ ਉਲਟ ਚਲ ਰਹੀਆਂ ਰੁਚੀਆਂ ਤਕੜੀਆਂ ਹੋ ਜਾਂਦੀਆਂ ਹਨ। ਤੇ ਜੇ ਇਹਨਾਂ ਵਿਰੋਧੀ ਰੁਚੀਆਂ ਵਿਚਕਾਰ ਘੋਲ ਅਡ ਅਡ ਦੇਸਾਂ ਦੇ ਅੰਦਰ ਚਲਦਾ ਰਹਿੰਦਾ ਹੈ ਤਾਂ ਇਹ ਘੋਲ ਸਭ ਤੋਂ ਜ਼ਿਆਦਾ ਇਹਨਾਂ ਗਠਜੋੜਾਂ ਅੰਦਰ, ਤੇ ਏਥੋਂ ਤਕ ਕਿ ਗਠਜੋੜਾਂ ਵਿਚਕਾਰ ਵੀ, ਪ੍ਰਤੱਖ ਨਜ਼ਰ ਆਉਂਦਾ ਹੈ।

ਇਸ ਤੋਂ ਛੁਟ, ਇਹ ਚੇਤੇ ਰਖਣਾ ਚਾਹੀਦਾ ਹੈ ਕਿ ਜਿਵੇਂ ਜਿਵੇਂ ਸਾਰੇ ਦੇਸਾਂ ਵਿਚ ਅਮਨ ਤੇ ਕੌਮਾਂਤਰੀ ਖਿਚਾਓ ਘਟਾਣ ਦੀ ਲੋਕ ਲਹਿਰ ਚੰਗੇਰੀ ਤਰ੍ਹਾਂ ਜਥੇਬੰਦ ਤੇ ਵਧੇਰੇ ਸਰਗਰਮ ਹੁੰਦੀ ਜਾਏਗੀ, ਇਹ ਡਾਵਾਂਡੋਲਤਾ—ਤੇ ਜੋ ਚੀਜ਼ ਖਾਸ ਤੌਰ ਤੇ ਅਹਿਮ ਹੈ—ਅਜਿਹੀ ਡਾਵਾਂਡੋਲਤਾ ਜੋ ਕੌਮਾਂਤਰੀ ਖਿਚਾਓ ਨੂੰ ਘਟਾਣ ਵਿਚ ਸਹਾਇਕ ਹੁੰਦੀ ਹੈ, ਨਿਤ ਵਧੇਰੇ ਮੁੜ ਵਾਪਰਦੀ ਤੇ ਨਿਤ ਵਧੇਰੇ ਸਪਸ਼ਟ ਹੁੰਦੀ ਜਾਏਗੀ।

ਉਤੇ ਦਸੀਆਂ ਮਿਸਾਲਾਂ ਸਾਮਰਾਜੀ ਕੈਂਪ ਅੰਦਰਲੇ ਬਹੁਤ ਸਾਰੇ ਉਹਨਾਂ ਵਿਰੋਧਤਾਈਆਂ ਦਾ ਲਛਣ ਹਨ, ਜਿਹੜੀਆਂ ਵਖ ਵਖ ਦੇਸਾਂ ਵਿਚਕਾਰਲੇ ਸਬੰਧਾਂ ਵਿਚ, ਵਖ ਵਖ ਹਕੂਮਤਾਂ ਦੀਆਂ ਨੀਤੀਆਂ ਵਿਚ ਤੇ ਏਥੋਂ ਤਕ ਕਿ ਉਹਨਾਂ ਵਖ ਵਖ ਪਾਰਟੀਆਂ ਅੰਦਰ ਵੀ ਝਲਕਦੀਆਂ ਹਨ, ਜਿਨ੍ਹਾਂ ਨੂੰ ਸਿਰਫ਼ ਕਰੋੜ ਪਤੀਆਂ ਤੇ ਅਰਬ ਪਤੀਆਂ ਦੀ ਹੀ ਨਹੀਂ, ਸਗੋਂ ਕਿਸੇ ਨਾ ਕਿਸੇ ਹਦ ਤਕ, ਚੁਨਣ ਵਾਲੇ ਲੋਕਾਂ ਦੀ ਰਾਇ ਵੀ ਸੁਣਨ ਤੇ ਮਜਬੂਰ ਹੋਣਾ ਪੈਂਦਾ ਹੈ।

ਸੋਵੀਅਤ ਬਦੇਸੀ ਨੀਤੀ ਵਖ ਵਖ ਸਰਮਾਏਦਾਰ ਦੇਸਾਂ ਵਿਚਕਾਰ ਤੇ ਇਹਨਾਂ ਦੇਸਾਂ ਦੇ ਅੰਦਰ ਏਥੋਂ ਤਕ ਕਿ ਸਰਮਾਏਦਾਰ ਜਮਾਤਾਂ ਤੇ ਗਰੋਹਾਂ ਨਾਲ ਸਬੰਧਤ ਵਖ ਵਖ ਪਾਰਟੀਆਂ ਅੰਦਰ ਵੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੌਜੂਦ [illegible] ਵਿਰੋਧਤਾਈਆਂ ਨੂੰ [illegible] ਉਹਲੇ ਨਹੀਂ ਕਰ ਸਕਦੀ । ਸਾਡਾ ਕੰਮ ਇਹਨਾਂ ਵਿਰੋਧਤਾਈਆਂ ਨੂੰ ਅਮਨ ਕਾਇਮ ਰਖਣ ਤੇ ਪੱਕਾ ਕਰਨ ਦੇ ਹਿਤ ਖ਼ਾਤਰ ਹਮਲਾਕਰੂ, ਜਮਹੂਰੀਅਤ-ਵਿਰੋਧੀ ਤਾਕਤਾਂ ਨੂੰ ਕਮਜ਼ੋਰ ਕਰਨ ਦੇ ਹਿਤ ਖਾਤਰ ਵਰਤਣਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੫. ਸਾਡਾ ਮੁਖ ਕੰਮ ਅਮਨ ਨੂੰ ਅਗੇ ਵਧਾਣਾ ਹੈ

ਇਕ ਡੂੰਘਾ ਪਾੜ ਸਾਨੂੰ ਸਦੀਵੀ ਅਮਨ ਦੇ ਹਮਾਇਤੀਆਂ ਨੂੰ ਸਾਡੇ ਵਿਰੋਧੀਆਂ ਤੋਂ ਵਖ ਕਰਦਾ ਹੈ।

ਸਾਡੇ ਵਿਰੋਧੀ ਇਸ ਆਸ ਨਾਲ ਹਥਿਆਰਾਂ ਦੇ ਢੇਰ ਲਾ ਰਹੇ ਹਨ ਕਿ ਇਹ ਉਹਨਾਂ ਦੇ ਰਾਜਸੀ ਕੈਂਪ ਨੂੰ ਹੋਰ ਤਕੜਾ ਬਣਾ ਦੇਣਗੇ। ਅਸਲੀਅਤ ਇਹ ਹੈ ਕਿ ਉਹ ਇਹਨਾਂ ਦੀਆਂ ਆਰਥਕ ਤੇ ਰਾਜਸੀ ਪੁਜ਼ੀਸ਼ਨਾਂ ਨੂੰ ਅਵੱਸ਼ ਹੀ ਨਿਤਾਣੀਆਂ ਬਣਾ ਦੇਣਗੇ ਤੇ ਜੜ੍ਹੋਂ ਹਿਲਾ ਦੇਣਗੇ।

ਹਥਿਆਰ ਵਧਾਣ ਦੀ ਇਸ ਦੌੜ ਦੇ ਵਿਰੁਧ ਸੋਵੀਅਤ ਯੂਨੀਅਨ ਆਪਣੀ ਅਮਨ ਦੀ ਨੀਤੀ ਤੇ ਆਪਣੀਆਂ ਸਾਰੀਆਂ ਕਿਸਮਾਂ ਦੇ ਹਥਿਆਰਾਂ ਨੂੰ ਚੋਖੀ ਹਦ ਤਕ ਘਟਾਣ ਤੇ ਐਟਮੀ ਹਥਿਆਰਾਂ ਤੇ ਬਿਨਾ-ਸ਼ਰਤ ਪਾਬੰਦੀ ਲਾਣ ਦੀਆਂ ਤਜਵੀਜ਼ਾਂ ਪੇਸ਼ ਕਰਦਾ ਹੈ। ਇਸ ਦੇ ਨਾਲ ਹੀ ਸੋਵੀਅਤ ਯੂਨੀਅਨ ਮੰਗ ਕਰਦਾ ਹੈ ਕਿ ਹਥਿਆਰਾਂ ਨੂੰ ਘਟਾਣ ਤੇ ਐਟਮੀ ਤੇ ਜਨਤਕ ਤਬਾਹੀ ਦੇ ਹੋਰ ਹਥਿਆਰਾਂ ਉਤੇ ਪਾਬੰਦੀ ਲਾਗੂ ਕਰਾਣ ਲਈ ਕਾਰਗਰ ਕੌਮਾਂਤਰੀ ਕੰਟਰੋਲ ਸਥਾਪਤ ਕੀਤਾ ਜਾਏ।

ਸਾਡੇ ਵਿਰੋਧੀ ਖੁਲ੍ਹੇ ਆਮ ਇਕ ਹੋਰ ਜੰਗ ਦੀ ਤਿਆਰੀ ਵਿਚ ਲਗੇ ਹੋਏ ਹਨ ਤੇ ਪਿਛੇ ਜਹੇ ਤੋਂ ਉਹਨਾਂ ਐਟਮੀ ਜੰਗ ਦੀਆਂ ਤਿਆਰੀਆਂ ਨੂੰ ਤੇਜ਼ ਕਰਨ ਲਈ ਜ਼ੋਰ ਸ਼ੋਰ ਨਾਲ ਪ੍ਰਚਾਰ ਮੁਹਿੰਮ ਅਰੰਭ ਦਿਤੀ ਹੈ। ਪਰ ਲੋਕ ਕਦੀ ਵੀ ਇਸ ਜਾਬਰ ਨੀਤੀ ਨੂੰ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਨਜ਼ੂਰ ਨਹੀਂ ਕਰਨਗੇ, ਜਿਹੜੀ ਸਿਰਫ਼ ਆਮ ਜਨਤਾ ਨੇ ਹੀ ਨਹੀਂ ਸਗੋਂ ਰਜੀਆ ਪੂਜੀਆਂ ਜਮਾਤਾਂ ਦੇ ਵਧੇਰੇ ਗੰਭੀਰ ਹਿਸਿਆਂ ਨੇ ਵੀ ਰੱਦ ਦਿਤੀ ਹੈ। ਇਸ ਦਾ ਇਕੋ ਇਕ ਨਤੀਜਾ ਇਹ ਹੋਵੇਗਾ ਕਿ ਉਹਨਾਂ ਦੇ ਕੁਝ ਇਕ ਵਧੇਰੇ ਰੌਲਾ-ਪਾਊ ਨੀਤੀਵਾਨ ਦੇਸ ਬਦੇਸ ਵਿਚ ਛੇਤੀ ਹੀ ਬਦਨਾਮ ਹੋ ਜਾਣਗੇ।

ਐਟਮ ਦੇ ਸਵਾਲ ਤੇ ਵੀ, ਸੋਵੀਅਤ ਯੂਨੀਅਨ ਦੀ ਪੁਜ਼ੀਸ਼ਨ ਉਹਨਾਂ ਦੀ ਪੁਜੀਸ਼ਨ ਨਾਲੋਂ ਬੁਨਿਆਦੀ ਤੌਰ ਤੇ ਵਖਰੀ ਹੈ।

ਸੋਵੀਅਤ ਹਕੂਮਤ ਅਮ੍ਰੀਕੀ ਹਕੂਮਤ ਨੂੰ ਤਜਵੀਜ਼ ਕਰ ਚੁਕੀ ਹੈ ਕਿ ਫੌਰਨ ਇਕ ਅਜੇਹਾ ਸਮਝੌਤਾ ਕੀਤਾ ਜਾਏ ਜਿਸ ਰਾਹੀਂ ਐਟਮੀ ਹਥਿਆਰਾਂ ਦੀ ਵਰਤੋਂ ਨਾ ਕਰਨ ਤੇ ਐਟਮੀ ਸ਼ਕਤੀ ਸਿਰਫ ਅਮਨ ਦੇ ਕੰਮਾਂ ਲਈ ਵਰਤਣ ਦਾ ਫੈਸਲਾ ਕੀਤਾ ਜਾਏ।

ਸੋਵੀਅਤ ਯੂਨੀਅਨ ਸੰਸਾਰ ਅਮਨ ਕੌਂਸਲ ਦੀਆਂ ਹੁਣੇ ਜਹੇ ਪੇਸ਼ ਕੀਤੀਆਂ ਤਜਵੀਜ਼ਾਂ ਦੀ ਖੁਸ਼ੀ ਨਾਲ ਹਮਾਇਤ ਕਰਦਾ ਹੈ, ਜਿਨ੍ਹਾਂ ਵਿਚ ਸਾਰੇ ਦੇਸ਼ਾਂ ਦੇ ਐਟਮੀ ਹਥਿਆਰਾਂ ਦੇ ਸਟਾਕਾਂ ਦੀ ਤਬਾਹੀ ਦੀ ਤਜਵੀਜ਼ ਪੇਸ਼ ਕੀਤੀ ਗਈ ਹੈ ਤਾਂ ਜੋ ਸੰਸਾਰ ਦੀਆਂ ਕੌਮਾਂ ਨੂੰ ਯਕੀਨ ਦਵਾਇਆ ਜਾ ਸਕੇ, ਕਿ ਐਟਮੀ ਜੰਗ ਕਦੇ ਨਹੀਂ ਹੋਣ ਦਿਤੀ ਜਾਵੇਗੀ। ਬਿਲਕੁਲ ਇਸੇ ਕਾਰਨ ਹੀ ਸੋਵੀਅਤ ਯੂਨੀਅਨ ਨੇ ਐਟਮੀ ਸ਼ਕਤੀ ਦੀ ਪੁਰਅਮਨ ਵਰਤੋਂ ਸਬੰਧੀ ਕੌਮਾਂਤਰੀ ਕਾਨਫਰੰਸ ਬੁਲਾਣ ਵਿਚ ਏਨੀ ਤੇਜ਼ੀ ਤੇ ਸਰਗਰਮੀ ਵਿਖਾਈ ਹੈ। ਅਸੀਂ ਅਮ੍ਰੀਕਾ ਨੂੰ ਸੱਦਾ ਦੇਂਦੇ ਹਾਂ ਕਿ ਉਹ ਸਾਡੇ ਨਾਲ ਐਟਮੀ ਹਥਿਆਰਾਂ ਦੀ ਪੈਦਾਵਾਰ ਵਿਚ ਨਹੀਂ, ਸਗੋਂ ਐਟਮੀ ਸ਼ਕਤੀ ਦੀ ਪੁਰਅਮਨ ਨਿਸ਼ਾਨਿਆਂ ਲਈ ਵਰਤੋਂ ਵਿਚ ਮੁਕਾਬਲਾ ਕਰੇ। (ਤਾੜੀਆਂ)

ਸਾਡੇ ਵਿਰੋਧੀ "ਤਾਕਤ ਦੀ ਨੀਤੀ" ਦੀ ਡੌਂਡ ਪਾ ਰਹੇ ਹਨ। ਉਹ ਆਪ ਘਾਬਰੇ ਹੋਏ ਹਨ, ਪਰ ਨਾਲ ਹੀ ਦੂਜਿਆਂ ਨੂੰ ਡਰਾਉਣ ਦੀ ਕੋਸ਼ਿਸ਼ ਕਰਦੇ ਹਨ। ਉਹ ਧਮਕੀਆਂ ਤੇ ਡਰਾਵਿਆਂ ਤੋਂ ਕੰਮ ਲੈਂਦੇ

CC-0. In Public Domain. Gurukul Kangri Collection, Haridwar

ਹਨ ਤੇ ਆਸ਼ਾ ਰਖਦੇ ਹਨ ਕਿ ਜਿਹਨਾਂ ਰਾਹੀਂ ਥੋੜ-ਦਿਲੇ ਤੇ ਮਾੜੇ ਯਰਕ ਜਾਣਗੇ।

Digitized by Arya Samaj Foundation Chennai and eGangotri

ਸੋਵੀਅਤ ਹਕੂਮਤ ਦਾ ਵਿਸ਼ਵਾਸ ਹੈ ਕਿ ਸੋਵੀਅਤ ਲੋਕਾਂ ਵਿਰੁਧ ਇਹ ਨਿਸਫਲ ਤਰੀਕੇ ਵਰਤਣ ਦੇ ਜਤਨ ਕਰਨ ਵਾਲੇ ਕਦੇ ਕਾਮਯਾਬ ਨਹੀਂ ਹੋਣਗੇ। ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਲੋੜ ਪੈਣ ਤੇ ਅਸੀਂ ਆਪਣੀ ਰਖਿਆ ਕਰਨ ਦੀ ਪੂਰੀ ਸਮਰਥਾ ਰਖਦੇ ਹਾਂ। (ਲੰਮੀਆਂ ਤਾੜੀਆਂ)

ਇਹ ਸਮਝ ਲੈਣ ਦਾ ਵੇਲਾ ਆਣ ਪੁਜਾ ਹੈ ਕਿ ਜਿਥੋਂ ਤਕ ਸੋਵੀਅਤ ਯੂਨੀਅਨ ਤੇ ਅਮਰੀਕਾ ਦੀ ਮੁਕਾਬਲਤਨ ਤਾਕਤ ਦਾ ਸਵਾਲ ਹੈ, ਹਾਲਤ ਬਿਲਕੁਲ ਸਾਫ ਹੈ।

ਜੇ ਅਸੀਂ ਸੋਵੀਅਤ ਯੂਨੀਅਨ ਦਾ—ਇਹਦੀ ਨਾਰੀ ਆਦਮ-ਸ਼ਕਤੀ ਸਮੇਤ ਇਹਦੇ ਵਿਸ਼ਾਲ ਮਾਦੀ ਵਸੀਲਿਆਂ ਸਮੇਤ, ਇਹਦੇ ਸਾਰੇ ਪ੍ਰਦੇਸੀ ਇਤਹਾਦੀਆਂ ਸਮੇਤ—ਤੇ ਇਹਦੇ ਨਾਲ ਹੀ ਜੇ ਅਸੀਂ ਉਹ ਅਖਲਾਕੀ ਤੇ ਰਾਜਸੀ ਹਮਾਇਤ ਵੀ ਰਲਾ ਲਈਏ, ਜਿਹੜੀ ਦੂਜੇ ਦੇਸ਼ਾਂ ਦੇ ਲੋਕਾਂ ਵਲੋਂ ਸੋਵੀਅਤ ਯੂਨੀਅਨ ਅਮਨ ਦੀ ਨੀਤੀ ਨੂੰ ਮਿਲਦੀ ਹੈ—ਜੇ ਅਸੀਂ ਅਜ ਦੇ ਸੋਵੀਅਤ ਯੂਨੀਅਨ ਦਾ, ਇਸ ਸਬੰਧ ਵਿਚ ਉਤੇ ਦਸੇ ਅਨਸਰਾਂ ਨੂੰ ਧਿਆਨ ਵਿਚ ਰਖ ਕੇ ਅਮ੍ਰੀਕਾ ਨਾਲ ਮੁਕਾਬਲਾ ਕਰੀਏ, ਤਾਂ ਇਹ ਗਲ ਪੂਰੀ ਤਰ੍ਹਾਂ ਸਪਸ਼ਟ ਹੋਣੀ ਚਾਹੀਦੀ ਹੈ ਕਿ ਸੋਵੀਅਤ ਯੂਨੀਅਨ ਅਮਰੀਕਾ ਨਾਲੋਂ ਕਮਜ਼ੋਰ ਨਹੀਂ। (ਉਚੀਆਂ ਲੰਮੀਆਂ ਤਾੜੀਆਂ)

ਨਾ ਹੀ ਇਹ ਭੁਲਣਾ ਚਾਹੀਦਾ ਹੈ ਕਿ ਅਮਰੀਕਾ ਦੇ ਮੁਕਾਬਲੇ ਵਿਚ ਸੋਵੀਅਤ ਯੂਨੀਅਨ ਦੇ ਘਰ ਵਿਚ ਇਕ ਮੰਨੀ-ਪ੍ਰਮੰਨੀ ਹਕੀਕਤ ਹੈ ਤੇ ਉਹ ਇਹ ਕਿ ਸੋਵੀਅਤ ਦੇਸ਼ ਇਕ ਪੁਰਅਮਨ ਦੇਸ ਹੈ, ਜਿਹੜਾ ਕਿਸੇ ਨੂੰ ਧਮਕਾਉਂਦਾ ਨਹੀਂ, ਜਿਹੜਾ ਦੂਜੇ ਮੁਲਕਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਹੀਂ ਦੇਂਦਾ ਤੇ ਇਸ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਲਟ ਇਹ ਇਕ ਸੱਚੇ ਤੌਰ ਤੇ ਨੇਕ ਤੇ ਹੱਕੀ ਮਨੋਰਥ ਲਈ ਸਰਗਰਮ ਹੈ, ਜਿਸ ਨੂੰ ਸਾਰੇ ਸੰਸਾਰ ਦੀ ਮਿਹਨਤਕਸ਼ ਲੁਕਾਈ ਤੇ ਮਜ਼ਦੂਰ ਜਨਤਾ ਦੀ ਦਿਲੀ ਹਮਾਇਤ ਹਾਸਲ ਹੈ. ਜਿਸਦੀ ਫਤਹ ਅਵੱਸ਼ ਹੈ।

(ਉਚੀਆਂ ਤਾੜੀਆਂ)

ਸੋਵੀਅਤ ਯੂਨੀਅਨ ਕੀ ਤਜਵੀਜ਼ ਕਰਦਾ ਹੈ ?

ਅਸੀਂ ਤਜਵੀਜ਼ ਕਰਦੇ ਹਾਂ ਕਿ ਦੋਨੋ ਪਾਸੇ ਧਮਕੀਆਂ ਤੇ ਡਰਾਵਿਆਂ ਦੀ ਨੀਤੀ ਨੂੰ ਨ ਅਪਨਾਉਣ। ਅਜਿਹੀ ਨੀਤੀ ਕੁਝ ਨਹੀਂ ਸਾਰ ਸਕਦੀ।

ਹੋਰ ਸਾਡਾ ਵਿਸ਼ਵਾਸ ਹੈ ਕਿ ਆਪਣੀ ਤਾਕਤ ਤੇ ਸੱਚਾ ਭਰੋਸਾ ਰੱਖਣ ਵਾਲਾ ਪਾਸਾ ਜੰਗ ਨਹੀਂ ਚਾਹੇਗਾ। ਜਿਨ੍ਹਾਂ ਨੂੰ ਆਪਣੀ ਤਾਕਤ ਤੇ ਆਪਣੇ ਭਵਿਖ ਤੇ ਭਰੋਸਾ ਹੈ, ਉਹਨਾਂ ਨੂੰ ਜੰਗ ਦੀ ਲੋੜ ਨਹੀਂ।

ਇਕ ਹੋਰ ਸੰਸਾਰ-ਜੰਗ ਛੇੜਨ ਦੇ ਹਰ ਮਾਅਰਕੇਬਾਜ਼ ਜਤਨ ਦਾ ਅੰਤ ਹਮਲਾਵਰ ਲਈ ਭੈੜਾ ਨਿਕਲੇਗਾ ਕਿਉਂਕਿ ਸਾਡੇ ਅਜ ਦੇ ਜੁਗ ਵਿਚ, ਲੱਖਾਂ ਕਰੋੜਾਂ ਮਰਦਾਂ ਇਸਤਰੀਆਂ ਦੀ ਸੂਝ ਇਸ ਪੱਧਰ ਤੇ ਪੁਜ ਗਈ ਹੈ ਕਿ ਉਹ, ਸਾਰੇ ਸੋਵੀਅਤ ਸ਼ਹਿਰੀਆਂ ਵਾਂਗ, ਆਪਣੇ ਨਿਸ਼ਾਨੇ ਦੇ ਹੱਕੀ ਹੋਣ ਦੇ ਪੂਰੇ ਯਕੀਨ ਨਾਲ ਅਜਿਹੇ ਹਮਲੇ ਵਿਰੁਧ ਅਖੀਰ ਤਕ ਸੰਗਰਾਮ ਕਰਨ।

ਇਹ "ਸੰਸਾਰ ਸਭਿਅਤਾ" ਨਹੀਂ, ਜਿਹੜੀ ਮਰ ਮੁਕ ਜਾਏਗੀ, ਭਾਵੇਂ ਅਜਿਹੇ ਨਵੇਂ ਹਮਲੇ ਤੋਂ ਇਹਨੂੰ ਕਿੱਡਾ ਵੀ ਨੁਕਸਾਨ ਕਿਉਂ ਨ ਹੋਏ, ਸਗੋਂ ਉਹ ਗਲ ਸੜ ਰਿਹਾ ਸਮਾਜੀ ਨਜ਼ਾਮ ਮਰੇ ਮੁਕੇਗਾ, ਜਿਸਦਾ ਆਧਾਰ ਲਹੂ-ਪੀਣਾ ਸਾਮਰਾਜ ਹੈ ਤੇ ਜਿਹੜਾ ਆਪਣੀ ਹਮਲਾਕਰੂ ਰੁਚੀ ਦੇ ਕਾਰਨ ਨਿੰਦਿਆ ਜਾ ਚੁਕਾ ਹੈ ਤੇ ਮਿਹਨਤਕਸ਼ ਲੋਕਾਈ ਤੇ ਮਜ਼ਲੂਮ ਲੋਕਾਂ ਦੀ ਲੁਟ ਖਸੁਟ ਦੀ ਬੁਨਿਆਦ ਉਤੇ ਉਸਰੇ ਨਜ਼ਾਮ ਦੇ ਤੌਰ ਤੇ ਠੁਕਰਾਇਆ ਜਾ ਚੁਕਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਆਪਣੇ ਦੌਰ ਦੇ ਅੰਤ ਤੇ ਪੁਜ ਰਿਹਾ ਹੈ।

(ਲੰਮੀਆਂ ਤਾੜੀਆਂ)

ਸੋਵੀਅਤ ਯੂਨੀਅਨ ਦੀ ਬਦੇਸ਼ੀ ਨੀਤੀ ਦੀ ਬੁਨਿਆਦ ਵਖ ਵਖ ਸਮਾਜੀ ਨਜ਼ਾਮਾਂ ਦੇ ਨਾਲੋਂ ਨਾਲ ਰਹਿ ਸਕਣ ਦੇ ਲੈਨਿਨਵਾਦੀ ਅਸੂਲ ਉਤੇ ਹੈ। ਅਸੀਂ ਇਸ ਅਸੂਲ ਨੂੰ ਮੰਨਦੇ ਹਾਂ ਤੇ ਚਾਹੁੰਦੇ ਹਾਂ ਕਿ ਸਭ ਕੌਮਾਂ ਅਮਨ ਤੇ ਸ਼ਾਂਤੀ ਦੀ ਫ਼ਿਜ਼ਾ ਵਿਚ ਵਸਣ।

ਅਸੀਂ ਇਸ ਅਸੂਲ ਨੂੰ ਮੰਨਦੇ ਹਾਂ ਕਿਉਂਕਿ ਕੋਲ ਕੋਲ ਅਮਨ ਨਾਲ ਵਸਣਾ ਕੌਮਾਂ ਲਈ ਅਮਨ, ਆਜ਼ਾਦੀ ਤੇ ਪੁਰਅਮਨ ਸਬੰਧ ਯਕੀਨੀ ਬਨਾਉਣ ਲਈ ਤੇ ਇਤਿਹਾਸ ਦੇ ਇਕ ਪੂਰੇ ਸਮੇਂ ਵਾਸਤੇ ਮਨੁਖਤਾ ਦੀ ਹੋਰ ਉਨਤੀ ਨੂੰ ਅਗੇ ਲਿਜਾਣ ਲਈ ਹਰ ਮੌਕਾ ਦੇਂਦਾ ਹੈ।

ਅਸੀਂ ਕੋਲ ਕੋਲ ਅਮਨ ਸਹਿਤ ਰਹਿਣ ਦੇ ਲੈਨਿਨਵਾਦੀ ਅਸੂਲ ਦੇ ਹਕ ਵਿਚ ਹਾਂ ਤੇ ਇਸ ਲਈ ਇਸ ਦੇ ਹਕ ਵਿਚ ਹਾਂ ਕਿਉਂਕਿ ਸਾਨੂੰ ਸੋਸ਼ਲਿਜ਼ਮ ਦੀ ਤਾਕਤ ਉਤੇ ਭਰੋਸਾ ਹੈ ਤੇ ਅਸੀਂ ਕਮਿਊਨਿਜ਼ਮ ਵਲ ਜਾਂਦਾ ਸਹੀ ਰਾਹ ਚੁਣ ਲਿਆ ਹੈ।

(ਲੰਮੀਆ ਤੇ ਉਚੀਆਂ ਤਾੜੀਆਂ, ਸਾਰੇ ਖਲੋ ਜਾਂਦੇ ਹਨ)

ਪਰਾਵਦਾ,
੯ ਫ਼ਰਵਰੀ, ੧੯੫੫

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

गुरुकुल कांगड़ी विश्वविद्यालय,
हरिद्वार

पुस्तक लौटाने की तिथि अन्त में अङ्कित है। इस तिथि को पुस्तक न लौटाने पर छै नये पैसे प्रति पुस्तक अतिरिक्त दिनों का अर्थदण्ड लगेगा।

१००००९५९।

पुस्तकालय, गुरुकुल कांगड़ी विश्वविद्यालय,
हरिद्वार।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar